HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 5.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in


Vol.11 | Augeust- 2024 | Published in Punjab | Pages 8

## ਦਿੱਲੀ ਸਰਕਾਰ ਨੂੰ SC ਤੋਂ ਵੱਡਾ ਝਟਕਾ, ਕਿਹਾ- MCD 'ਚ ਐਲਡਰਮੈਨ ਦੀ ਨਿਯੁਕਤੀ LG ਦਾ ਅਧਿਕਾਰ



ਸੁਪਰੀਮ ਕੋਰਟ ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ ਵੱਡਾ ਝਟਕਾ ਦਿੰਦੇ ਹੋਏ ਸੋਮਵਾਰ ਨੂੰ ਕਿਹਾ ਕਿ ਦਿੱਲੀ ਦੇ ਉੱਪ ਰਾਜਪਾਲ ਕੋਲ ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) 'ਚ 'ਐਲਡਰਮੈਨ' ਨਾਮਜ਼ਦ ਕਰਨ ਦਾ ਅਧਿਕਾਰ ਹੈ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ, ਜੱਜ ਪੀ.ਐੱਸ. ਨਰਸਿਮਹਾ ਅਤੇ ਜੱਜ ਜੇ.ਬੀ. ਪਾਰਦੀਵਾਲਾ ਦੀ ਬੈਂਚ ਨੇ ਦਿੱਲੀ ਸਰਕਾਰ ਦੀ ਇਹ ਦਲੀਲ ਖਾਰਜ ਕਰ ਦਿੱਤੀ ਕਿ ਉੱਪ ਰਾਜਪਾਲ ਐੱਮ.ਸੀ.ਡੀ. 'ਚ 'ਐਲਡਰਮੈਨ' ਨਾਮਜ਼ਦ ਕਰਨ ਦੇ ਸੰਬੰਧ 'ਚ ਮੰਤਰੀ ਕੈਬਨਿਟ ਦੀ ਸਲਾਹ ਮੰਨਣ ਲਈ ਮਜ਼ਬੂਰ ਹਨ। ਸੁਪਰੀਮ ਕੋਰਟ ਨੇ ਇਸ ਮੁੱਦੇ 'ਤੇ ਕਰੀਬ 15 ਮਹੀਨੇ ਤੱਕ ਫ਼ੈਸਲਾ ਸੁਰੱਖਿਅਤ ਰੱਖਿਆ। ਪਿਛਲੇ ਸਾਲ 17 ਮਈ ਨੂੰ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਉੱਪ ਰਾਜਪਾਲ ਨੂੰ ਐੱਮ.ਸੀ.ਡੀ. 'ਐਲਡਰਮੈਨ' ਨਾਮਜ਼ਦ ਕਰਨ ਦਾ ਅਧਿਕਾਰ ਦੇਣ ਦਾ ਮਤਲਬ ਹੋਵੇਗਾ ਕਿ ਉਹ ਚੁਣੇ ਗਏ ਨਗਰ ਬਾਡੀ ਨੂੰ ਅਸਥਿਰ ਕਰ ਸਕਦੇ ਹਨ। ਐੱਮ.ਸੀ.ਡੀ. 'ਚ 250 ਚੁਣੇ ਗਏ ਅਤੇ 10 ਨਾਮਜ਼ਦ ਮੈਂਬਰ ਹਨ। ਦਸੰਬਰ 2022 'ਚ 'ਆਪ' ਨੇ ਨਗਰ ਨਿਗਮ ਚੋਣਾਂ 'ਚ 134 ਵਾਰਡ 'ਚ ਜਿੱਤ ਨਾਲ ਐੱਮ.ਸੀ.ਡੀ. 'ਤੇ ਭਾਜਪਾ ਦੇ 5 ਸਾਲ ਦੇ ਸ਼ਾਸਨ ਨੂੰ ਖ਼ਤਮ ਕਰ ਦਿੱਤਾ ਸੀ। ਭਾਜਪਾ ਨੇ 104 ਸੀਟਾਂ ਜਿੱਤੀਆਂ ਸਨ, ਜਦੋਂ ਕਿ ਕਾਂਗਰਸ 9 ਸੀਟਾਂ ਨਾਲ ਤੀਜੇ ਸਥਾਨ 'ਤੇ ਰਹੀ ਸੀ।

## ਵਾਤਾਵਰਣ ਲਈ ਵਰਦਾਨ ਸਾਬਿਤ ਹੋ ਰਹੀਆਂ ਇਲੈਕਟ੍ਰਿਕ ਬੱਸਾਂ




ਦਿੱਲੀ ਵਿਚ ਡੀ.ਟੀ.ਸੀ. ਦੇ ਬੇੜੇ 'ਚ ਸ਼ਾਮਲ 1500 ਇਲੈਕਟ੍ਰਿਕ ਬੱਸਾਂ ਵਾਤਾਵਰਣ ਲਈ ਵਰਦਾਨ ਸਾਬਿਤ ਹੋ ਰਹੀਆਂ ਹਨ। ਇਨ੍ਹਾਂ ਬੱਸਾਂ ਦੇ ਸੜਕਾਂ 'ਤੇ ਉਤਰਨ ਤੋਂ ਬਾਅਦ ਦਿੱਲੀ ਦੀ ਦਮ ਘੋਟਣ ਵਾਲੀ ਹਵਾ 'ਚ ਸੁਧਾਰ ਹੋਣ ਲੱਗਾ ਹੈ। ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਲੈਕਟ੍ਰਿਕ ਬੱਸਾਂ ਨੇ 91,000 ਟਨ ਕਾਰਬਨ ਡਾਇਕਸਾਈਡ ਨੂੰ ਵਾਤਾਵਰਣ 'ਚ ਪੈਦਾ ਹੋਣ ਤੋਂ ਰੋਕਣ ਲਈ 18.20 ਲੱਖ ਦਰੱਖਤਾਂ ਦੇ ਬਰਾਬਰ ਕੰਮ ਕੀਤਾ ਹੈ।ਦਿੱਲੀ ਦੇ ਟਰਾਂਪੋਰਟ ਮੰਤਰੀ ਵੱਲੋਂ ਤਿਆਰ ਕੀਤੀ ਗਈ ਇਕ ਰਿਪੋਰਟ 'ਚ ਦੱਸਿਆ ਗਿਆ ਹੈ ਕਿ 1500 ਇਲੈਕਟ੍ਰਿਕ ਬੱਸਾਂ ਦੇ ਸੰਚਾਲਨ ਨਾਲ ਰਾਜਧਾਨੀ ਦੀ ਹਵਾ ਗੁਣਵੱਤਾ 'ਚ ਸੁਧਾਰ ਹੋਇਆ ਹੈ। ਇਨ੍ਹਾਂ ਬੱਸਾਂ ਦੀ ਲਾਗਤ 11.20 ਕਰੋੜ ਰੁਪਏ । ਹੁਣ ਤੱਕ ਇਨ੍ਹਾਂ ਬੱਸਾਂ ਤੋਂ ਲਗਭਗ 40 ਕਰੋੜ ਰੁਪਏ ਦਾ ਮਾਲੀਆ ਵੀ ਪ੍ਰਾਪਤ ਹੋਇਆ ਹੈ। ਵਿਭਾਗ ਨੇ ਹਾਲ ਹੀ 'ਚ ਇਲੈਕਟ੍ਰਿਕ ਬੱਸਾਂ ਦੇ ਸੰਚਾਲਨ ਦੀ ਸਮੀਖਿਆ ਕੀਤੀ ਹੈ। ਦਿੱਲੀ ਦੇ 18 ਡਿਪੂਆਂ 'ਚ ਇਨ੍ਹਾਂ ਬੱਸਾਂ ਦਾ ਸੰਚਾਲਨ ਸ਼ੁਰੂ ਕਰ ਦਿੱਤੀ ਗਿਆ ਹੈ। ਭਵਿੱਖ 'ਚ 42 ਹੋਰ ਡਿੱਪੂਆਂ 'ਚ ਵੀ ਇਲੈਕਟ੍ਰਿਕ ਬੱਸਾਂ ਦਾ ਸੰਚਾਲਨ ਸ਼ੁਰੂ ਕਰਨ ਦੀ ਯੋਜਨਾ ਹੈ। ਰਿਪੋਰਟ ਮੁਤਾਬਕ ਡੀ.ਟੀ.ਸੀ. ਦੇ ਬੇੜੇ 'ਚ ਕੁੱਲ 2966 ਸੀ.ਐੱਨ.ਜੀ. ਬੱਸਾਂ ਹਨ, ਜਿਨ੍ਹਾਂ ਦੀ ਉਮਰ ਅਗਲੇ ਸਾਲ ਤੱਕ ਪੂਰੀ ਹੋ ਜਾਵੇਗੀ। ਅਗਸਤ 2025 ਤੱਕ ਇਨ੍ਹਾਂ ਸਾਰੀਆਂ ਸੀ.ਐੱਨ.ਜੀ. ਬੱਸਾਂ ਨੂੰ ਹਟਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਜਗ੍ਹਾ ਇਲੈਕਟ੍ਰਿਕ ਬੱਸਾਂ ਨੂੰ ਸ਼ਾਮਲ ਕੀਤਾ ਜਾਵੇਗਾ। ਦਿੱਲੀ ਸਰਕਾਰ ਦਾ ਟੀਚਾ 2025 ਤੱਕ ਸੀ. ਐੱਨ. ਜੀ. ਬੱਸਾਂ ਦੀ ਗਿਣਤੀ ਨੂੰ ਘੱਟ ਕਰ ਕੇ ਇਲੈਕਟ੍ਰਿਕ ਬੱਸਾਂ ਦੀ ਗਿਣਤੀ 80 ਫੀਸਦੀ ਤੱਕ ਵਧਾਉਣਾ ਹੈ, ਜਿਸ ਨਾਲ ਹਵਾ 'ਚ 4.67 ਲੱਖ ਟਨ ਕਾਰਬਨ ਡਾਇਕਸਾਈਡ ਘੱਟ ਹੋਵੇਗੀ।ਸਰਦੀਆਂ ਦੇ ਮੌਸਮ 'ਚ ਪ੍ਰਦੂਸ਼ਣ ਦੀ ਰੋਕਥਾਮ ਲਈ ਦਿੱਲੀ ਸਰਕਾਰ ਨੇ ਯੋਜਨਾ ਬਣਾਈ ਹੈ। ਵਾਤਾਰਵਣ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ 21 ਅਗਸਤ ਨੂੰ ਦਿੱਲੀ ਸੈਕਟ੍ਰੀਏਟ 'ਚ ਇਕ ਗੋਲਮੇਜ ਸੰਮੇਲਨ ਆਯੋਜਨ ਕੀਤਾ ਜਾਵੇਗਾ, ਜਿਸ 'ਚ ਸਰਦੀਆਂ 'ਚ ਪ੍ਰਦੂਸ਼ਨ ਦੀ ਰੋਕਥਾਮ 'ਤੇ ਚਰਚਾ ਕੀਤੀ ਜਾਵੇਗੀ। ਇਸ ਯਤਨ ਨਾਲ ਉਮੀਦ ਹੈ ਕਿ ਦਿੱਲੀ ਦੀ ਹਵਾ 'ਚ ਪ੍ਰਦੂਸ਼ਣ ਦੀ ਸਮੱਸਿਆ ਨੂੰ ਕੰਟਰੋਲ ਕੀਤਾ ਜਾ ਸਕੇਗਾ। ਹੁਣ 2025 ਤੱਕ ਸੀ.ਐੱਨ.ਜੀ. ਬੱਸਾਂ ਨੂੰ ਪੂਰਾ ਤਰ੍ਹਾਂ ਹਟਾਉਣ ਅਤੇ ਇਲੈਕਟ੍ਰਿਕ ਬੱਸਾਂ ਦੀ ਗਿਣਤੀ 80 ਫੀਸਦੀ ਤੱਕ ਵਧਾਉਣ ਦੇ ਟੀਚੇ ਨਾਲ ਦਿੱਲੀ ਦੀ ਹਵਾ 'ਚ ਸੁਧਾਰ ਦੀ ਉਮੀਦ ਹੈ। ਸਰਦੀਆਂ 'ਚ ਪ੍ਰਦੂਸ਼ਣ ਦੀ ਰੋਕਥਾਮ ਲਈ ਨਵੀਆਂ ਯੋਜਨਾਵਾਂ ਨਾਲ ਦਿੱਲੀ ਸਰਕਾਰ ਦਾ ਯਤਨ ਹੈ ਕਿ ਰਾਜਧਾਨੀ ਵਿਚ ਹਵਾ ਦੀ ਗੁਣਵੱਤਾ ਨੂੰ ਬਿਹਤਰ ਬਣਾਇਆ ਜਾ ਸਕੇ ਅਤੇ ਜਨਤਕ ਟਰਾਂਪੋਰਟ ਵਿਚ ਸਥਿਰਤਾ ਲਿਆਂਦੀ ਜਾ ਸਕੇ।

## ਰਾਹਤ ਕੈਂਪਾਂ 'ਚ ਰਹਿ ਰਹੇ 6 ਗਰਭਵਤੀ ਔਰਤਾਂ ਸਮੇਤ 2500 ਤੋਂ ਵੱਧ ਲੋਕ



ਕੇਰਲ ਦੇ ਜ਼ਮੀਨ ਖਿਸਕਣ ਕਾਰਨ ਪ੍ਰਭਾਵਿਤ ਵਾਇਨਾਡ ਜ਼ਿਲ੍ਹੇ ਵਿਚ 599 ਬੱਚਿਆਂ ਅਤੇ 6 ਗਰਭਵਤੀ ਔਰਤਾਂ ਸਮੇਤ 2500 ਤੋਂ ਵੱਧ ਲੋਕਾਂ ਨੇ ਵੱਖ-ਵੱਖ ਰਾਹਤ ਕੈਂਪਾਂ 'ਚ ਸ਼ਰਨ ਲਈ ਹੈ। ਮੁੱਖ ਮੰਤਰੀ ਦਫ਼ਤਰ (CMO) ਵਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਮੁਤਾਬਕ ਵਾਇਨਾਡ ਜ਼ਿਲ੍ਹੇ ਦੀਆਂ ਮੇਪੜੀ ਅਤੇ ਹੋਰ ਗ੍ਰਾਮ ਪੰਚਾਇਤਾਂ ਵਿਚ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਲੋਕਾਂ ਲਈ ਕੁੱਲ 16 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ।ਅੰਕੜਿਆਂ ਮੁਤਾਬਕ ਇਨ੍ਹਾਂ ਰਾਹਤ ਕੈਂਪਾਂ ਵਿਚ 723 ਪਰਿਵਾਰਾਂ ਦੇ 2,514 ਲੋਕਾਂ ਨੇ ਸ਼ਰਨ ਲਈ ਹੈ, ਜਿਨ੍ਹਾਂ ਵਿਚ 943 ਪੁਰਸ਼, 972 ਔਰਤਾਂ ਅਤੇ 599 ਬੱਚੇ ਸ਼ਾਮਲ ਹਨ। 6 ਗਰਭਵਤੀ ਔਰਤਾਂ ਵੀ ਰਾਹਤ ਕੈਂਪਾਂ ਵਿਚ ਰਹਿ ਰਹੀਆਂ ਹਨ। ਐਤਵਾਰ ਸ਼ਾਮ ਤੱਕ ਦੇ ਅੰਕੜਿਆਂ ਮੁਤਾਬਕ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਇਲਾਕਿਆਂ 'ਚ ਮਲਬੇ 'ਚੋਂ ਹੁਣ ਤੱਕ 221 ਲਾਸ਼ਾਂ ਅਤੇ 166 ਮਨੁੱਖੀ ਸਰੀਰ ਦੇ ਅੰਗ ਬਰਾਮਦ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਅਧਿਕਾਰੀ ਕੁਝ ਲੋਕਾਂ ਨਾਲ ਫੋਨ 'ਤੇ ਸੰਪਰਕ ਕਰਨ 'ਚ ਸਫਲ ਰਹੇ ਹਨ, ਜਿਸ ਤੋਂ ਬਾਅਦ ਲਾਪਤਾ ਲੋਕਾਂ ਦੀ ਗਿਣਤੀ 206 ਤੋਂ ਘੱਟ ਕੇ 180 ਹੋ ਗਈ ਹੈ।

## ਕੇਦਾਰਨਾਥ 'ਚ ਬਚਾਅ ਮੁਹਿੰਮ 5ਵੇਂ ਦਿਨ ਵੀ ਜਾਰੀ, ਮੌਸਮ ਸਾਫ਼ ਹੋਣ ਕਾਰਨ ਹਵਾਈ ਮੁਹਿੰਮ ਤੇਜ਼



ਭਾਰੀ ਮੀਂਹ ਅਤੇ ਬੱਦਲ ਫਟਣ ਕਾਰਨ ਹੜ੍ਹਾਂ ਨਾਲ ਨੁਕਸਾਨੇ ਗਏ ਕੇਦਾਰਨਾਥ ਯਾਤਰਾ ਮਾਰਗ 'ਤੇ ਬਚਾਅ ਕਾਰਜ ਸੋਮਵਾਰ ਨੂੰ ਲਗਾਤਾਰ ਪੰਜਵੇਂ ਦਿਨ ਵੀ ਜਾਰੀ ਰਿਹਾ, ਜਿੱਥੇ ਸਵੇਰੇ 133 ਲੋਕਾਂ ਨੂੰ ਹੈਲੀਕਾਪਟਰਾਂ ਰਾਹੀਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਰੁਦਰਪ੍ਰਯਾਗ 'ਚ ਅਧਿਕਾਰੀਆਂ ਨੇ ਦੱਸਿਆ ਕਿ ਕੇਦਾਰ ਘਾਟੀ 'ਚ ਮੌਸਮ ਸਾਫ਼ ਹੋਣ ਕਾਰਨ ਹਵਾਈ ਬਚਾਅ ਕਾਰਜ ਨੇ ਤੇਜ਼ੀ ਫੜ ਲਈ ਹੈ ਅਤੇ ਛੋਟੇ ਹੈਲੀਕਾਪਟਰਾਂ ਦੇ ਨਾਲ-ਨਾਲ ਭਾਰਤੀ ਹਵਾਈ ਫੌਜ ਦੇ ਚਿਨੂਕ ਅਤੇ MI17 ਹੈਲੀਕਾਪਟਅਧਿਕਾਰੀਆਂ ਮੁਤਾਬਕ ਸਵੇਰੇ 9 ਵਜੇ ਤੱਕ ਕੇਦਾਰਨਾਥ ਧਾਮ ਤੋਂ 133 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਚੁੱਕਾ ਸੀ। ਇਸ ਤੋਂ ਇਲਾਵਾ 100 ਹੋਰ ਲੋਕਾਂ ਨੂੰ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ (ਐਸਡੀਆਰਐਫ), ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨਡੀਆਰਐਫ) ਅਤੇ ਹੋਰ ਬਚਾਅ ਟੀਮਾਂ ਦੀ ਨਿਗਰਾਨੀ ਹੇਠ ਕੇਦਾਰਨਾਥ ਧਾਮ ਤੋਂ ਲਿਨਚੋਲੀ ਲਈ ਰਵਾਨਾ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਸ਼ੇਰਸੀ ਹੈਲੀਪੈਡ ਲਿਜਾਇਆ ਜਾਵੇਗਾ।ਉੱਤਰਾਖੰਡ ਦੇ ਆਫਤ ਪ੍ਰਬੰਧਨ ਅਤੇ ਮੁੜ ਵਸੇਬਾ ਅਧਿਕਾਰੀ ਵਿਨੋਦ ਕੁਮਾਰ ਸੁਮਨ ਨੇ ਐਤਵਾਰ ਰਾਤ ਨੂੰ ਕਿਹਾ ਸੀ ਕਿ ਕੇਦਾਰਨਾਥ ਯਾਤਰਾ ਮਾਰਗ ਦੇ ਵੱਖ-ਵੱਖ ਸਟਾਪਾਂ - ਕੇਦਾਰਨਾਥ, ਲਿੰਚੋਲੀ, ਭਿੰਬਲੀ ਅਤੇ ਗੌਰੀਕੁੰਡ ਤੋਂ 10,374 ਲੋਕਾਂ ਨੂੰ ਸੁਰੱਖਿਅਤ ਕੱਢਿਆ ਜਾ ਚੁੱਕਿਆ ਹੈ ਅਤੇ ਹੁਣ ਕੇਵਲ 350 ਯਾਤਰੀ ਕੇਦਾਰਨਾਥ ਅਤੇ 50 ਲਿਨਚੋਲੀ ਵਿੱਚ ਫਸੇ ਹੋਏ ਹਨ।ਸੁਮਨ ਨੇ ਦੱਸਿਆ ਸੀ ਕਿ ਕੇਦਾਰਨਾਥ ਅਤੇ ਆਸ-ਪਾਸ ਦੇ ਇਲਾਕਿਆਂ 'ਚ ਸੰਘਣੇ ਬੱਦਲਾਂ ਕਾਰਨ ਹਵਾਈ ਸੰਚਾਲਨ 'ਚ ਰੁਕਾਵਟ ਆ ਰਹੀ ਹੈ ਅਤੇ ਐਤਵਾਰ ਨੂੰ ਚਿਨੂਕ ਹੈਲੀਕਾਪਟਰ ਇੱਕ ਵੀ ਉਡਾਣ ਨਹੀਂ ਭਰ ਸਕਿਆ, ਜਦੋਂ ਕਿ MI17 ਹੈਲੀਕਾਪਟਰ ਦੀਆਂ ਤਿੰਨ ਉਡਾਣਾਂ ਵਿੱਚ ਸਿਰਫ਼ 60 ਲੋਕਾਂ ਨੂੰ ਹੀ ਬਾਹਰ ਕੱਢਿਆ ਜਾ ਸਕਿਆ। ਸੁਮਨ ਅਨੁਸਾਰ ਮੌਸਮ ਦੀ ਸਥਿਤੀ ਨੂੰ ਦੇਖਦੇ ਹੋਏ ਸੂਬਾ ਸਰਕਾਰ ਨੇ ਪੰਜ ਛੋਟੇ ਹੈਲੀਕਾਪਟਰਾਂ ਨਾਲ ਹਵਾਈ ਮੁਹਿੰਮ ਚਲਾਈ। ਉਨ੍ਹਾਂ ਦੱਸਿਆ ਕਿ ਕੇਦਾਰਨਾਥ ਅਤੇ ਗੌਰੀਕੁੰਡ ਵਿੱਚ ਸ਼ਰਧਾਲੂਆਂ ਤੋਂ ਇਲਾਵਾ ਹੁਣ ਸਿਰਫ਼ ਪੁਜਾਰੀ, ਦੁਕਾਨਦਾਰ, ਘੋੜਾ ਅਤੇ ਪਾਲਕੀ ਚਲਾਉਣ ਵਾਲੇ ਹੀ ਬਚੇ ਹਨ ਅਤੇ ਜੇਕਰ ਉਹ ਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਉਥੋਂ ਬਾਹਰ ਕੱਢ ਦਿੱਤਾ ਜਾਵੇਗਾ। ਸੁਮਨ ਮੁਤਾਬਕ ਸੋਨਪ੍ਰਯਾਗ, ਸ਼ੇਰਸੀ, ਚੌਮਾਸੀ, ਚਾਰਧਾਮ ਹੈਲੀਪੈਡ ਅਤੇ ਕੇਦਾਰਨਾਥ ਹੈਲੀਪੈਡ 'ਤੇ ਲੋਕਾਂ ਲਈ ਭੋਜਨ, ਪਾਣੀ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ।ਬੁੱਧਵਾਰ ਰਾਤ ਨੂੰ ਭਾਰੀ ਬਾਰਿਸ਼ ਅਤੇ ਬੱਦਲ ਫਟਣ ਕਾਰਨ ਕੇਦਾਰਨਾਥ ਪੈਦਲ ਮਾਰਗ 'ਤੇ ਲਿੰਚੋਲੀ, ਭੀਂਬਲੀ, ਘੋੜਾਪਾਦਵ ਅਤੇ ਰਾਮਬਾੜਾ ਸਮੇਤ ਕਈ ਥਾਵਾਂ 'ਤੇ ਸੜਕ ਧਸ ਗਈ, ਜਦਕਿ ਹੋਰ ਥਾਵਾਂ 'ਤੇ ਢਿੱਗਾਂ ਡਿੱਗਣ ਅਤੇ ਵੱਡੇ-ਵੱਡੇ ਪੱਥਰ ਆਉਣ ਕਾਰਨ ਸੜਕ ਨੁਕਸਾਨੀ ਗਈ। ਇਸ ਕਾਰਨ ਥਾਂ-ਥਾਂ 'ਤੇ ਸ਼ਰਧਾਲੂ ਫਸ ਗਏ ਸਨ। ਇਸ ਦੌਰਾਨ ਕੇਦਾਰਨਾਥ ਰਾਸ਼ਟਰੀ ਰਾਜਮਾਰਗ 'ਤੇ ਸੋਨਪ੍ਰਯਾਗ-ਗੌਰੀਕੁੰਡ ਵਿਚਾਲੇ ਟੁੱਟੀ ਸੜਕ 'ਤੇ ਫੌਜ ਵੱਲੋਂ ਫੁੱਟ ਪੁਲ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਗਿਆ ਹੈ। ਫੌਜ ਨੇ ਅਪਾਹਜਾਂ, ਬੀਮਾਰਾਂ ਅਤੇ ਬਜ਼ੁਰਗਾਂ ਦੀ ਆਵਾਜਾਈ ਲਈ ਸੋਨਪ੍ਰਯਾਗ ਵਿੱਚ ਇੱਕ ਟਰਾਲੀ ਵੀ ਲਗਾਈ ਹੈ। ਸਰਚ ਐਂਡ ਰੈਸਕਿਊ ਆਪਰੇਸ਼ਨ 'ਚ ਫੌਜ ਦੇ ਦੋ ਸੁੰਘਣ ਵਾਲੇ ਕੁੱਤਿਆਂ ਦੀ ਵੀ ਮਦਦ ਲਈ ਜਾ ਰਹੀ ਹੈ। ਲਿਨਚੋਲੀ ਤੋਂ ਰਾਮਬਾੜਾ ਤੱਕ ਸਰਚ ਆਪਰੇਸ਼ਨ ਪੂਰਾ ਕਰ ਲਿਆ ਗਿਆ ਹੈ, ਜਿਸ 'ਚ ਕੋਈ ਵਿਅਕਤੀ ਨਹੀਂ ਮਿਲਿਆ। NDRF ਦੀਆਂ ਟੀਮਾਂ ਵੀ ਲਗਾਤਾਰ ਜੰਗਲਾਂ ਅਤੇ ਮੰਦਾਕਿਨੀ ਨਦੀ ਦੇ ਆਲੇ-ਦੁਆਲੇ ਤਲਾਸ਼ੀ ਮੁਹਿੰਮ ਚਲਾ ਰਹੀਆਂ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਮੀਂਹ ਦੇ ਡਰ ਕਾਰਨ ਕਈ ਲੋਕ ਆਪਣੀ ਜਾਨ ਬਚਾਉਣ ਲਈ ਜੰਗਲਾਂ ਵੱਲ ਚਲੇ ਗਏ ਹਨ ਅਤੇ ਉਨ੍ਹਾਂ ਦੇ ਰਾਹ ਗੁਆਉਣ ਦੀ ਸੰਭਾਵਨਾ ਦੇ ਮੱਦੇਨਜ਼ਰ ਉਨ੍ਹਾਂ ਦੀ ਭਾਲ ਲਈ ਸੁੰਘਣ ਵਾਲੇ ਕੁੱਤਿਆਂ ਦੀ ਮਦਦ ਲਈ ਜਾ ਰਹੀ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਜੋ ਖੋਜ ਅਤੇ ਬਚਾਅ ਮੁਹਿੰਮ ਦੀ ਨਿਗਰਾਨੀ ਕਰ ਰਹੇ ਹਨ, ਨੇ ਸਥਾਨਕ ਲੋਕਾਂ ਦੀ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਹੈ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੇਵਭੂਮੀ ਦੀ 'ਅਤਿਥੀ ਦੇਵੋ ਭਾਵ' ਦਾ ਸੱਭਿਆਚਾਰ ਹੈ। ਕਈ ਲੋਕਾਂ ਦੇ ਨਾਵਾਂ ਦਾ ਹਵਾਲਾ ਦਿੰਦੇ ਹੋਏ, ਧਾਮੀ ਨੇ ਲਿਖਿਆ, "ਕੇਦਾਰਨਾਥ ਖੇਤਰ ਵਿੱਚ ਚੱਲ ਰਹੇ ਬਚਾਅ ਕਾਰਜ ਵਿੱਚ ਪ੍ਰਸ਼ਾਸਨ ਨੂੰ ਸਥਾਨਕ ਲੋਕਾਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ।" ਉਨ੍ਹਾਂ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੇ ਅਣਥੱਕ ਯਤਨਾਂ ਸਦਕਾ ਹੀ ਜ਼ਿਆਦਾ ਬਰਸਾਤ ਕਾਰਨ ਹੋਣ ਵਾਲੇ ਵੱਡੇ ਨੁਕਸਾਨ ਤੋਂ ਬਚਾਅ ਹੋ ਸਕਿਆ ਹੈ।

## ਬੱਦਲ ਫਟਣ ਕਾਰਨ 13 ਲੋਕਾਂ ਦੀ ਮੌਤ; 40 ਤੋਂ ਵੱਧ ਲਾਪਤਾ, ਬਚਾਅ ਮੁਹਿੰਮ ਜਾਰੀ



31 ਜੁਲਾਈ ਨੂੰ ਹਿਮਾਚਲ ਪ੍ਰਦੇਸ਼ 'ਚ ਕੁੱਲੂ ਦੇ ਨਿਰਮੰਡ, ਸੈਂਜ ਅਤੇ ਮਲਾਣਾ ਨਾਲ ਮੰਡੀ ਜ਼ਿਲ੍ਹੇ ਦੇ ਪਧਰ ਅਤੇ ਸ਼ਿਮਲਾ ਦੇ ਰਾਮਪੁਰ ਵਿਚ ਬੱਦਲ ਫਟਣ ਮਗਰੋਂ ਮਚੀ ਤਬਾਹੀ 'ਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 13 ਹੋ ਗਈ ਹੈ। ਇਨ੍ਹਾਂ ਘਟਨਾਵਾਂ ਮਗਰੋਂ ਹੁਣ ਵੀ 40 ਤੋਂ ਵੱਧ ਲੋਕ ਲਾਪਤਾ ਹਨ। ਬਚਾਅ ਕਰਮੀਆਂ ਨੇ ਮਸ਼ੀਨਾਂ, ਖੋਜੀ ਕੁੱਤਿਆਂ, ਡਰੋਨ ਨਾਲ ਹੋਰ ਯੰਤਰਾਂ ਦੀ ਮਦਦ ਨਾਲ ਤਲਾਸ਼ੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਅਧਿਕਾਰੀਆਂ ਮੁਤਾਬਕ ਫੌਜ, NDRF, ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ, ਆਈ.ਟੀ.ਬੀ.ਪੀ., ਕੇਂਦਰੀ ਉਦਯੋਗਿਕ ਸੁਰੱਖਿਆ ਬਲ, ਪੁਲਸ ਦੇ ਨਾਲ 410 ਹੋਮਗਾਰਡ ਜਵਾਨ ਬਚਾਅ ਅਤੇ ਖੋਜ ਕਾਰਜਾਂ ਨੂੰ ਅੰਜਾਮ ਦੇ ਰਹੇ ਹਨ। ਇਸ ਤੋਂ ਇਲਾਵਾ 4 ਜੇਸੀਬੀ ਮਸ਼ੀਨਾਂ ਵੀ ਲਗਾਈਆਂ ਗਈਆਂ ਹਨ। ਜਾਣਕਾਰੀ ਅਨੁਸਾਰ ਬੱਦਲ ਫਟਣ ਅਤੇ ਮੋਹਲੇਧਾਰ ਮੀਂਹ ਤੋਂ ਬਾਅਦ ਹੜ੍ਹਾਂ ਦੀਆਂ ਘਟਨਾਵਾਂ ਕਾਰਨ ਸ਼ਿਮਲਾ ਅਤੇ ਕੁੱਲੂ ਦੀ ਸਰਹੱਦ 'ਤੇ ਸਥਿਤ ਤਿੰਨ ਪਿੰਡਾਂ ਸਮੇਤ ਧਾਰਾ ਸ਼ਾਰਦਾ ਅਤੇ ਕੁਸ਼ਵਾ 'ਚ ਬਿਜਲੀ ਸਪਲਾਈ ਠੱਪ ਹੈ। 27 ਜੂਨ ਨੂੰ ਮਾਨਸੂਨ ਦੇ ਆਉਣ ਤੋਂ ਲੈ ਕੇ 3 ਅਗਸਤ ਤੱਕ ਹਿਮਾਚਲ ਪ੍ਰਦੇਸ਼ ਨੂੰ 662 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸੂਬਾ ਐਮਰਜੈਂਸੀ ਮੁਹਿੰਮ ਕੇਂਦਰ ਮੁਤਾਬਕ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ 79 ਲੋਕਾਂ ਦੀ ਜਾਨ ਜਾ ਚੁੱਕੀ ਹੈ। ਹਿਮਾਚਲ ਵਿਚ ਆਈ ਤ੍ਰਾਸਦੀ ਮਗਰੋਂ ਸੂਬਾ ਸਰਕਾਰ ਨੇ ਪੀੜਤਾਂ ਲਈ 50 ਹਜ਼ਾਰ ਰੁਪਏ ਦੀ ਤੁਰੰਤ ਰਾਹਤ ਦਾ ਐਲਾਨ ਕੀਤਾ ਹੈ। ਨਾਲ ਹੀ ਉਨ੍ਹਾਂ ਨੂੰ ਅਗਲੇ 3 ਮਹੀਨਿਆਂ ਤੱਕ 5 ਹਜ਼ਾਰ ਰੁਪਏ ਕਿਰਾਏ ਲਈ ਦਿੱਤੇ ਜਾਣਗੇ। ਭੋਜਨ ਨਾਲ ਹੋਰ ਜ਼ਰੂਰੀ ਚੀਜ਼ਾਂ ਵੀ ਦਿੱਤੀਆਂ ਜਾਣਗੀਆਂ।

# ਰਾਜ਼ੀਨਾਮੇ ਦੌਰਾਨ ਪਤਨੀ ਨੇ ਪਤੀ ਨੂੰ ਕੀਤਾ ਜਲੀਲ




ਥਾਣੇ ’ਚ ਝਗੜੇ ਦੀ ਸੁਣਵਾਈ ਦੌਰਾਨ ਪਤਨੀ ਵੱਲੋਂ ਕੀਤੀ ਗਈ ਪਤੀ ਦੀ ਬੇਇਜ਼ਤੀ ਤੋਂ ਬਾਅਦ ਪਤੀ ਨੇ ਜ਼ਹਿਰੀਲੀ ਦਵਾਈ ਪੀ ਲਈ, ਜਿਸ ਤੋਂ ਬਾਅਦ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਮ੍ਰਿਤਕ ਵਿਅਕਤੀ ਦੀ ਮਾਂ ਦੇ ਬਿਆਨਾਂ 'ਤੇ ਪਤਨੀ ਅਤੇ ਸਹੁਰੇ ਖ਼ਿਲਾਫ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੂੰ ਦਿੱਤੇ ਬਿਆਨਾਂ ’ਚ ਬਲਵਿੰਦਰ ਕੌਰ ਪਤਨੀ ਮੇਘ ਸਿੰਘ ਵਾਸੀ ਮੁਹੱਲਾ ਰੋੜੂਪੁਰਾ ਤਰਨਤਾਰਨ ਨੇ ਦੱਸਿਆ ਕਿ ਕਰੀਬ ਢਾਈ ਸਾਲ ਪਹਿਲਾਂ ਉਸ ਦੇ ਬੇਟੇ ਮਨਜੀਤ ਸਿੰਘ ਦਾ ਵਿਆਹ ਅੰਬਾਲਾ ਨਿਵਾਸੀ ਹਿਨਾ ਵਰਮਾ ਨਾਲ ਹੋਇਆ ਸੀ। ਜਿਸ ਤੋਂ ਕੁਝ ਸਮਾਂ ਬਾਅਦ ਨੂੰ ਹਿਨਾ ਵਰਮਾ ਆਪਣੇ ਪਤੀ ਨਾਲ ਲੜਾਈ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਕਰੀਬ ਪੰਜ ਮਹੀਨੇ ਪਹਿਲਾਂ ਮੇਰੀ ਨੂੰਹ ਆਪਣੇ ਪਤੀ ਮਨਜੀਤ ਸਿੰਘ ਨਾਲ ਝਗੜਾ ਕਰਕੇ ਪੇਕੇ ਘਰ ਚਲੀ ਗਈ ਅਤੇ ਕਰੀਬ 15 ਦਿਨ ਪਹਿਲਾਂ ਬਿਨਾਂ ਸਾਨੂੰ ਦੱਸੇ ਪੁੱਛੇ ਰਾਤ 12 ਵਜੇ ਵਾਪਸ ਘਰ ਆ ਗਈ। ਇਸ ਤੋਂ ਕਰੀਬ 10 ਦਿਨ ਬਾਅਦ ਹਿਨਾ ਨੇ ਫਿਰ ਆਪਣੇ ਪਤੀ ਨਾਲ ਝਗੜਾ ਸ਼ੁਰੂ ਕਰ ਦਿੱਤਾ, ਜਿਸ ਨੂੰ ਮੇਰਾ ਕੁੜਮ ਸੁਨੀਲ ਸੁਗੰਧ ਫੋਨ ਰਾਹੀਂ ਹੱਲਾਸ਼ੇਰੀ ਦਿੰਦਾ ਸੀ। ਇਸ ਝਗੜੇ ਸਬੰਧੀ ਹਿਨਾ ਵੱਲੋਂ ਥਾਣਾ ਸਿਟੀ ਤਰਨਤਾਰਨ ਵਿਖੇ ਆਪਣੇ ਪਤੀ ਖ਼ਿਲਾਫ ਦਰਖਾਸਤ ਦਿੱਤੀ ਗਈ ਸੀ, ਜਿਸ ਦੀ ਸੁਣਵਾਈ ਲਈ ਮਿਤੀ 1 ਅਗਸਤ ਨੂੰ ਥਾਣਾ ਸਿਟੀ ਵਿਖੇ ਬੁਲਾਇਆ ਗਿਆ ਸੀ। ਇਸ ਦੌਰਾਨ ਮੇਰੇ ਬੇਟੇ ਮਨਜੀਤ ਸਿੰਘ ਤੋਂ ਇਲਾਵਾ ਹੋਰ ਰਿਸ਼ਤੇਦਾਰ ਅਤੇ ਉਸ ਦੀ ਪਤਨੀ ਹਿਨਾ ਵੀ ਥਾਣੇ ’ਚ ਮੌਜੂਦ ਸੀ, ਜਿੱਥੇ ਹਿਨਾ ਨੇ ਆਪਣੇ ਪਤੀ ਮਨਜੀਤ ਸਿੰਘ ਖਿਲਾਫ ਕਾਫੀ ਬੋਲ ਬੁਲਾਰਾ ਕੀਤਾ ਅਤੇ ਉਸਦੀ ਬੇਇਜ਼ਤੀ ਕੀਤੀ। ਇਸ ਬੇਇਜ਼ਤੀ ਨੂੰ ਨਾ ਸਹਾਰਦੇ ਹੋਏ ਮਨਜੀਤ ਸਿੰਘ ਨੇ ਆਪਣੀ ਜੇਬ੍ਹ ਵਿਚੋਂ ਜ਼ਹਿਰੀਲੀ ਦਵਾਈ ਕੱਢ ਕੇ ਪੀ ਲਈ।ਇਸ ਦੌਰਾਨ ਉਸ ਨੂੰ ਤੁਰੰਤ ਗੁਰੂ ਨਾਨਕ ਦੇਵ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਭਰਤੀ ਕਰਵਾ ਦਿੱਤਾ ਗਿਆ। ਡਾਕਟਰ ਵੱਲੋਂ ਕੀਤੇ ਜਾ ਰਹੇ ਇਲਾਜ ਤੋਂ ਬਾਅਦ ਐਤਵਾਰ ਸਵੇਰੇ ਮਨਜੀਤ ਸਿੰਘ ਮੌਤ ਹੋ ਗਈ। ਮ੍ਰਿਤਕ ਮਨਜੀਤ ਸਿੰਘ ਦੀ ਮਾਂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਜ਼ਿਲ੍ਹੇ ਦੇ ਐੱਸ.ਐੱਸ.ਪੀ. ਪਾਸੋਂ ਇਨਸਾਫ ਦੀ ਗੁਹਾਰ ਲਗਾਈ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਸ ਹੋਈ ਮੌਤ ਤੋਂ ਬਾਅਦ ਹਿਨਾ ਵਰਮਾ ਪੁਲਸ ਨੂੰ ਸੂਚਨਾ ਦੇ ਫਰਾਰ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਸਿਟੀ ਤਰਸੇਮ ਮਸੀਹ ਨੇ ਦੱਸਿਆ ਕਿ ਇਸ ਮਾਮਲੇ ਵਿਚ ਮ੍ਰਿਤਕ ਦੀ ਮਾਂ ਦੇ ਬਿਆਨਾਂ ਹੇਠ ਨੂੰਹ ਹਿਨਾ ਵਰਮਾ ਅਤੇ ਕੁੜਮ ਸੁਨੀਲ ਸੁਗੰਧ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਅੰਮ੍ਰਿਤਸਰ 'ਚ ਬ੍ਰੇਕ ਫੇਲ੍ਹ ਹੋਣ ਕਾਰਣ ਦੋ ਬੱਸਾਂ ਦੀ ਟੱਕਰ,




ਅੰਮ੍ਰਿਤਸਰ ਦੇ ਮਸ਼ਹੂਰ ਅਲਫਾ ਵਨ ਮਾਲ ਨੇੜੇ ਦੋ ਬੱਸਾਂ ਦੀ ਜ਼ਬਰਦਸਤ ਟੱਕਰ ਹੋ ਗਈ, ਇਸ ਹਾਦਸੇ ਵਿਚ ਇਕ ਦੀ ਮੌਤ ਹੋ ਗਈ ਜਦਕਿ ਕੁਝ ਸਵਾਰੀਆਂ ਗੰਭੀਰ ਜ਼ਖ਼ਮੀ ਹੋ ਗਈਆਂ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪ੍ਰਤੱਖਦਰਸ਼ੀਆਂ ਮੁਤਾਬਕ ਇਹ ਹਾਦਸਾ ਬੱਸ ਦੀ ਬ੍ਰੇਕ ਫੇਲ੍ਹ ਹੋਣ ਕਰਕੇ ਵਾਪਰਿਆ ਹੈ। ਇਸ ਦੌਰਾਨ ਹਾਦਸੇ ਵਾਲੀ ਥਾਂ ਤੋਂ ਲੰਘ ਰਹੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਆਪਣਾ ਕਾਫਲਾ ਰੋਕਿਆ ਅਤੇ ਜ਼ਖਮੀਆਂ ਦਾ ਹਾਲ ਜਾਣਿਆ ਅਤੇ ਜ਼ਖਮੀਆਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਚ ਭੇਜਿਆ। ਇਸ ਮੌਕੇ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਦੱਸਿਆ ਕਿ ਅਲਫਾ ਵਨ ਪੁਲ ਤੋਂ ਪਨਬਸ ਰੋਡਵੇਜ਼ ਦੀ ਬੱਸ ਚੰਡੀਗੜ੍ਹ ਨੂੰ ਜਾ ਰਹੀ ਸੀ ਅਤੇ ਪਿੱਛੋਂ ਪਿਆਰ ਕੰਪਨੀ ਦੀ ਬਸ ਆ ਰਹੀ ਸੀ। ਅਚਾਨਕ ਪ੍ਰਾਈਵੇਟ ਪਿਆਰ ਬੱਸ ਦੀਆ ਬਰੇਕ ਫੇਲ੍ਹ ਹੋਣ ਕਰਕੇ ਉਹ ਪਨਬਸ ਦੇ ਪਿੱਛੇ ਜਾ ਵੱਜੀ ਜਿਸ ਕਾਰਣ ਇਹ ਹਾਦਸਾ ਵਾਪਰ ਗਿਆ। ਉਨ੍ਹਾਂ ਕਿਹਾ ਕਿ ਹਾਦਸੇ ਵਿਚ ਦੋਵਾਂ ਬੱਸਾਂ ਵਿਚ ਬੈਠੀਆਂ ਸਵਾਰੀਆਂ ਦਾ ਬਚਾਅ ਹੋ ਗਿਆ। ਕੁਝ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਦਾ ਇਲਾਜ ਗੁਰੂ ਨਾਨਕ ਦੇਵ ਹਸਪਤਾਲ ਵਿਚ ਚੱਲ ਰਿਹਾ ਹੈ। ਇੱਕ ਪੀੜਤ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਪਿੰਡ ਮੁੱਲਾਪੁਰ ਤੋਂ ਅੰਮ੍ਰਿਤਸਰ ਸ਼ਹੀਦਾਂ ਸਾਹਿਬ ਆਏ ਸਨ। ਘਰ ਵਾਪਸੇ ਜਾਂਦੇ ਸਮੇਂ ਉਹ ਪਿਆਰ ਬੱਸ ਵਿਚ ਬੈਠ ਗਿਆ ਅਤੇ ਅਚਾਨਕ ਬੱਸ ਬ੍ਰੇਕ ਫੇਲ੍ਹ ਹੋ ਗਈ ਤੇ ਉਹ ਪੁੱਲ ਤੋਂ ਹੇਠਾਂ ਉਤਰਦੀ ਹੋਈ ਅੱਗੇ ਖੜ੍ਹੀ ਸਰਕਾਰੀ ਬੱਸ ਵਿੱਚ ਜਾ ਵੱਜੀ। ਉਕਤ ਨੇ ਦੱਸਿਆ ਕਿ ਇਸ ਹਾਦਸੇ ਵਿਚ ਉਸ ਦਾ ਭਾਣਜਾ ਗੰਭੀਰ ਜ਼ਖਮੀ ਹੋ ਗਿਆ, ਜਿਸ ਦੀ ਬਾਅਦ ਵਿਚ ਮੌਤ ਹੋ ਗਈ। ਮੌਕੇ 'ਤੇ ਪੁੱਜੇ ਟਰੈਫਿਕ ਅਤੇ ਪੁਲਸ ਅਧਿਕਾਰੀ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਪਤਾ ਲੱਗਾ ਕਿ ਇਕ ਬਸ ਜੋ ਕਿ ਪ੍ਰਾਈਵੇਟ ਕੰਪਨੀ ਦੀ ਸੀ ਉਸ ਦੀ ਬਰੇਕ ਫੇਲ੍ਹ ਹੋਣ ਕਰਕੇ ਉਹ ਅੱਗੇ ਖੜ੍ਹੀ ਪਨਬਸ ਵਿਚ ਜਾ ਟਕਰਾਈ ਜੋ ਕਿ ਚੰਡੀਗੜ੍ਹ ਜਾ ਰਹੀ ਸੀ। ਟਰੈਫਿਕ ਜ਼ਿਆਦਾ ਹੋਣ ਕਰਕੇ ਪਨਬਸ ਵਿਚ ਬੈਠੀਆਂ ਸਵਾਰੀਆਂ ਦਾ ਬਚਾਅ ਹੋ ਗਿਆ ਅਤੇ ਜਿਹੜੀ ਬਸ ਦੀ ਬ੍ਰੇਕ ਫੇਲ੍ਹ ਹੋਈ ਸੀ, ਉਸ ਵਿਚ ਕੁਝ ਸਵਾਰੀਆਂ ਜ਼ਖਮੀ ਹੋ ਗਈਆਂ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਕੀ ਸਾਨੂੰ ਅਜੇ ਕੋਈ ਜ਼ਿਆਦਾ ਜਾਣਕਾਰੀ ਨਹੀਂ ਹੈ।

# ਇਕ ਵਾਰ ਫ਼ਿਰ ਸੁਰਖੀਆਂ ਚ ਲੁਧਿਆਣਾ ਜੇਲ੍ਹ! ਤਲਾਸ਼ੀ ਦੌਰਾਨ ਕੈਦੀਆਂ ਤੋਂ ਮਿਲਿਆ ਨਸ਼ਾ ਤੇ ਮੋਬਾਈਲ

ਲੁਧਿਆਣਾ ਕੇਂਦਰੀ ਜੇਲ੍ਹ ਇਕ ਵਾਰ ਫ਼ਿਰ ਸੁਰਖੀਆਂ ਵਿਚ ਹੈ। ਦਰਅਸਲ, ਇੱਥੇ ਤਲਾਸ਼ੀ ਦੌਰਾਨ ਕੈਦੀਆਂ ਕੋਲੋਂ ਨਸ਼ਾ ਅਤੇ ਮੋਬਾਈਲ ਫ਼ੋਨ ਬਰਾਮਦ ਹੋਏ ਹਨ। ਪੁਲਸ ਵੱਲੋਂ ਉਕਤ ਕੈਦੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਮੁਤਾਬਕ ਕੇਂਦਰੀ ਜੇਲ੍ਹ ਵਿਚ ਕੈਦੀਆਂ ਤੇ ਹਵਾਲਾਤੀਆਂ ਦੀ ਤਲਾਸ਼ੀ ਦੌਰਾਨ 5 ਪੈਕਟ ਜਰਦਾ ਅਤੇ ਇਕ ਮੋਬਾਈਲ ਫ਼ੋਨ ਬਰਾਮਦ ਹੋਇਆ ਹੈ। ਥਾਣਾ ਡਵੀਜ਼ਨ ਨੰਬਰ 7 ਦੀ ਪੁਲਸ ਨੇ ਸਹਾਇਕ ਸੁਪਰੀਡੰਟ ਸੁਰਿੰਦਰ ਪਾਲ ਸਿੰਘ ਦੀ ਸ਼ਿਕਾਇਤ 'ਤੇ ਪ੍ਰੀਜ਼ਨ ਐਕਟ ਦੀ ਧਾਰਾ 45,52ਏ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।



# ਅੰਮ੍ਰਿਤਸਰ ‘ਚ ਨੌਜਵਾਨ ਨੇ ਨਸ਼ੇ ਦੀ ਹਾਲਤ ‘ਚ ਸੜਕ ‘ਤੇ ਮਚਾਇਆ ਹੰਗਾਮਾ

ਅੰਮ੍ਰਿਤਸਰ ਦੇ ਮਜੀਠਾ ਰੋਡ ਇਲਾਕੇ ‘ਚ ਦੇਰ ਰਾਤ ਨਸ਼ੇ ਦੀ ਹਾਲਤ ‘ਚ ਇਕ ਨੌਜਵਾਨ ਨੇ ਸੜਕ ‘ਤੇ ਹੰਗਾਮਾ ਕਰ ਦਿੱਤਾ। ਉਸ ਨੇ ਪੁਲਿਸ ਮੁਲਾਜ਼ਮਾਂ ਨਾਲ ਵੀ ਮਾੜਾ ਵਿਵਹਾਰ ਕੀਤਾ ਅਤੇ ਉਨ੍ਹਾਂ ਦੀਆਂ ਵਰਦੀਆਂ ਵੀ ਪਾੜ ਦਿੱਤੀਆਂ। ਜਿਸ ਤੋਂ ਬਾਅਦ ਪੁਲਿਸ ਨੇ ਉਸਨੂੰ ਕਾਬੂ ਕਰ ਲਿਆ। ਫਿਲਹਾਲ ਪੁਲਿਸ ਵੱਲੋਂ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮਜੀਠਾ ਰੋਡ ਥਾਣੇ ਦੇ SHO ਪਲਵਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਦੇਰ ਰਾਤ ਇੱਕ ਨੌਜਵਾਨ ਮਜੀਠਾ ਰੋਡ ’ਤੇ ਨਾਕਾਬੰਦੀ ਕਰ ਰਿਹਾ ਸੀ। ਉਨ੍ਹਾਂ ਨੂੰ 112 ਨੰਬਰ ‘ਤੇ ਸ਼ਿਕਾਇਤ ਮਿਲੀ, ਜਿਸ ਤੋਂ ਬਾਅਦ PCR ਮੁਲਾਜ਼ਮਾਂ ਨੇ ਮੌਕੇ ‘ਤੇ ਪਹੁੰਚ ਕੇ ਨੌਜਵਾਨ ਨੂੰ ਹਟਾਉਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਫਿਰ ਵੀ ਉਹ ਉਥੇ ਬੈਠਾ ਗਾਲ੍ਹਾਂ ਕੱਢਦਾ ਰਿਹਾ। ਜਿਸ ਤੋਂ ਬਾਅਦ ਜਦੋਂ ਪੁਲਿਸ ਨੇ ਉਸ ਨੂੰ ਜ਼ਬਰਦਸਤੀ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਨ੍ਹਾਂ ਨਾਲ ਹੱਥੋਪਾਈ ਹੋ ਗਿਆ ਅਤੇ ਉਨ੍ਹਾਂ ਨਾਲ ਵੀ ਲੜਾਈ ਸ਼ੁਰੂ ਹੋ ਗਈ।



# ਪੰਜਾਬ SAS ਆਫੀਸਰਜ਼ ਐਸੋਸੀਏਸ਼ਨ ਵੱਲੋਂ ਵਿੱਤ ਵਿਭਾਗ ਦੇ ਸੇਵਾਮੁਕਤ ਅਧਿਕਾਰੀਆਂ ਦਾ ਸਨਮਾਨ



ਪੰਜਾਬ ਐੱਸ. ਏ. ਐੱਸ. ਆਫੀਸਰਜ਼ ਐਸੋਸੀਏਸ਼ਨ ਵੱਲੋਂ ਵਿੱਤ ਵਿਭਾਗ ਦੇ ਸੇਵਾਮੁਕਤ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ। ਸਾਰੇ ਹਾਜ਼ਰੀਨ ਦਾ ਸਵਾਗਤ ਕਰਨ ਤੋਂ ਬਾਅਦ, ਨਿਧੀ, ਡੀ. ਟੀ. ਓ, ਅਤੇ ਮਨੀਸ਼ ਚੌਧਰੀ, ਏ. ਸੀ. ਐੱਫ. ਏ. ਦੇ ਬੇਵਕਤੀ ਦਿਹਾਂਤ ਦੀ ਯਾਦ 'ਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਪੰਜਾਬ ਐੱਸ. ਏ. ਐੱਸ. ਆਫੀਸਰਜ਼ ਐਸੋਸੀਏਸ਼ਨ, ਚੰਡੀਗੜ੍ਹ ਨੇ ਪੰਜਾਬ ਭਵਨ ਵਿਖੇ ਆਪਣੇ ਵਿੱਤ ਵਿਭਾਗ ਐੱਸ. ਏ. ਐੱਸ. ਕੇਡਰ ਦੇ ਸੇਵਾਮੁਕਤ ਅਧਿਕਾਰੀਆਂ ਨੂੰ ਨਿੱਘੀ ਵਿਦਾਇਗੀ ਦਿੰਦਿਆਂ ਸਨਮਾਨ ਕੀਤਾ ਗਿਆ। ਇਸ ਮੌਕੇ ਵਧੀਕ ਡਾਇਰੈਕਟਰ (ਵਿੱਤ ਤੇ ਲੇਖਾ) ਸੰਜੀਵ ਕੁਮਾਰ, ਸੰਯੁਕਤ ਡਾਇਰੈਕਟਰ (ਵਿੱਤ ਤੇ ਲੇਖਾ)ਰਮੇਸ਼ ਗੁਪਤਾ, ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਪੰਕਜ ਰੇਖੀ, ਜਿੰਦਰ ਬੀਰ ਕੌਰ, ਕ੍ਰਿਸ਼ਨ ਕੁਮਾਰ ਹਾਂਡਾ, ਨਰਿੰਦਰ ਸਿੰਘ, ਰਸ਼ਪਾਲ ਸਿੰਘ ਅਤੇ ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ) ਸੁਖਵਿੰਦਰ ਸਿੰਘ ਨੂੰ ਸਮਾਗਮ ਵਿੱਚ ਸਨਮਾਨਿਤ ਕੀਤਾ ਗਿਆ। ਐਸੋਸੀਏਸ਼ਨ ਨੇ ਵਿਭਾਗ ਪ੍ਰਤੀ ਉਨ੍ਹਾਂ ਦੀਆਂ ਸ਼ਾਨਦਾਰ ਅਤੇ ਬੇਦਾਗ ਸੇਵਾਵਾਂ ਨੂੰ ਇਕ ਮਹੱਤਵਪੂਰਨ ਪ੍ਰਾਪਤੀ ਮੰਨਦਿਆਂ ਤਾਰੀਫ਼ ਕੀਤੀ। ਇਸ ਮੌਕੇ ਪੰਜਾਬ ਐੱਸ. ਏ. ਐੱਸ. ਕੇਡਰ ਦੇ ਅਧਿਕਾਰੀ ਹਾਜ਼ਰ ਸਨ।

# ਕਾਰ ਦੀ ਲਪੇਟ ’ਚ ਆਉਣ ਨਾਲ ਮੋਟਰਸਾਈਕਲ ਚਾਲਕ ਗੰਭੀਰ ਜ਼ਖਮੀ




ਕਾਰ ਦੀ ਲਪੇਟ 'ਚ ਆਉਣ ਨਾਲ ਮੋਟਰਸਾਈਕਲ ਚਾਲਕ ਦੇ ਗੰਭੀਰ ਜ਼ਖਮੀ ਹੋਣ ਦੀ ਖ਼ਬਰ ਪ੍ਰਾਪਤ ਹੋਈ ਹੈ। ਇਸ ਸਬੰਧੀ ਪ੍ਰਾਪਤ ਕੀਤੀ ਜਾਣਕਾਰੀ ਦੇ ਮੁਤਾਬਕ ਜੈ ਗਿਰੀ ਪੁੱਤਰ ਕਸ਼ਮੀਰੀ ਲਾਲ ਵਾਸੀ ਬਟਾਲਾ ਆਪਣੇ ਮੋਟਰਸਾਈਕਲ ’ਤੇ ਸਵਾਰ ਹੋ ਕੇ ਕਾਦੀਆਂ ਤੋਂ ਬਟਾਲਾ ਵੱਲ ਆ ਰਿਹਾ ਸੀ। ਜਦੋਂ ਇਹ ਬਟਾਲਾ-ਕਾਦੀਆਂ ਰੋਡ ਸਥਿਤ ਪਿੰਡ ਥਿੰਦ ਧਾਰੀਵਾਲ ਕੋਲ ਪੁੱਜਿਆ ਤਾਂ ਅਚਾਨਕ ਉਸ ਨੂੰ ਇਕ ਕਾਰ ਨੇ ਲਪੇਟ ਵਿਚ ਲੈਂਦਿਆਂ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਦੇ ਸਿੱਟੇ ਵਜੋਂ ਇਹ ਮੋਟਰਸਾਈਕਲ ਸਮੇਤ ਸੜਕ ’ਤੇ ਡਿੱਗਣ ਨਾਲ ਜ਼ਖਮੀ ਹੋ ਗਿਆ। ਜਦਕਿ ਮੋਟਰਸਾਈਕਲ ਕਾਫੀ ਨੁਕਸਾਨਿਆ ਗਿਆ ਹੈ। ਓਧਰ, ਇਸ ਹਾਦਸੇ ਦੀ ਸੂਚਨਾ ਮਿਲਦਿਆਂ ਹੀ 108 ਐਂਬੂਲੈਂਸ ਦੇ ਪਾਇਲਟ ਜਸਪਿੰਦਰ ਸਿੰਘ ਤੇ ਈ. ਐੱਮ. ਟੀ ਸੁੱਮਨ ਮਸੀਹ ਮੌਕੇ ’ਤੇ ਪੁਲਸ ਪਾਰਟੀ ਸਮੇਤ ਪਹੁੰਚੇ ਤੇ ਉਕਤ ਜ਼ਖਮੀ ਨੂੰ ਤੁਰੰਤ ਸਿਵਲ ਹਸਪਤਾਲ ਬਟਾਲਾ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ।

## ਗਿੱਪੀ ਗਰੇਵਾਲ ਦੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਦਾ ਟਾਈਟਲ ਟਰੈਕ ਕੱਲ੍ਹ ਹੋਵੇਗਾ ਰਿਲੀਜ਼



ਪੰਜਾਬੀ ਸਿਨੇਮਾ ਦੇ ਸੁਪਰ-ਸਟਾਰ ਦਾ ਰੁਤਬਾ ਹਾਸਲ ਕਰ ਚੁੱਕੇ ਗਿੱਪੀ ਗਰੇਵਾਲ ਇੱਕ ਵਾਰ ਫਿਰ ਦਰਸ਼ਕਾਂ ਦੇ ਸਨਮੁੱਖ ਹੋਣ ਜਾ ਰਹੇ ਹਨ, ਜਿਨ੍ਹਾਂ ਦੀ ਨਵੀਂ ਅਤੇ ਅਰਥ-ਭਰਪੂਰ ਪੰਜਾਬੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਰਿਲੀਜ਼ ਲਈ ਤਿਆਰ ਹੈ, ਜਿਸ ਦਾ ਟਾਈਟਲ ਟਰੈਕ 6 ਅਗਸਤ ਨੂੰ ਜਾਰੀ ਕੀਤਾ ਜਾ ਰਿਹਾ ਹੈ। 'ਜੀਓ ਸਟੂਡਿਓਜ਼', 'ਹੰਬਲ ਮੋਸ਼ਨ ਪਿਕਚਰਜ਼' ਅਤੇ 'ਪਨੋਰਮਾ ਸਟੂਡਿਓਜ਼' ਵੱਲੋਂ ਸੁਯੰਕਤ ਰੂਪ 'ਚ ਬਣਾਈ ਗਈ ਉਕਤ ਫ਼ਿਲਮ ਦਾ ਲੇਖਨ ਅਤੇ ਨਿਰਦੇਸ਼ਨ ਗਿੱਪੀ ਗਰੇਵਾਲ ਵੱਲੋਂ ਕੀਤਾ ਗਿਆ ਹੈ, ਜਿਨ੍ਹਾਂ ਦੇ ਘਰੇਲੂ 'ਪ੍ਰੋਡੋਕਸ਼ਨ ਹਾਊਸ' ਹੇਠ ਸਾਹਮਣੇ ਲਿਆਂਦੀ ਜਾ ਰਹੀ ਇਸ ਫ਼ਿਲਮ ਨੂੰ ਕਾਫ਼ੀ ਵਿਸ਼ਾਲ ਕੈਨਵਸ ਅਧੀਨ ਫਿਲਮਾਇਆ ਗਿਆ ਹੈਨਿਰਮਾਤਾ ਰਵਨੀਤ ਕੌਰ ਗਰੇਵਾਲ, ਕੁਮਾਰ ਮੰਗਤ ਪਾਠਕ, ਅਭਿਸ਼ੇਕ ਪਾਠਕ, ਦਿਵੇ ਧਮੀਜਾ, ਜਯੋਤੀ ਦੇਸ਼ਪਾਂਡੇ, ਮੁਰਲੀ ਛਤਵਾਨੀ, ਸੰਜੂ ਆਰ ਜੋਸ਼ੀ, ਭਾਨਾ ਐੱਲ ਏ, ਵਿਨੋਦ ਅਸਵਾਲ ਜੋਤੀ ਦੁਆਰਾ ਨਿਰਮਿਤ ਅਤੇ ਸਹਿ ਨਿਰਮਿਤ ਕੀਤੀ ਗਈ ਇਸ ਫ਼ਿਲਮ ਦੀ ਸਟਾਰ-ਕਾਸਟ ਦੀ ਗੱਲ ਕਰੀਏ ਇਸ ਫ਼ਿਲਮ 'ਚ ਗਿੱਪੀ ਗਰੇਵਾਲ ਅਤੇ ਜੈਸਮੀਨ ਭਸੀਨ ਲੀਡ ਭੂਮਿਕਾ 'ਚ ਨਜ਼ਰ ਆਉਣਗੇ, ਜਿਨ੍ਹਾਂ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਪ੍ਰਿੰਸ ਕੰਵਲਜੀਤ ਸਿੰਘ, ਸੀਮਾ ਕੌਸ਼ਲ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਰਵਿੰਦਰ ਮੰਡ ਵੀ ਮਹੱਤਵਪੂਰਨ ਕਿਰਦਾਰਾਂ 'ਚ ਵਿਖਾਈ ਦੇਣਗੇ। ਸਾਲ 2016 'ਚ ਰਿਲੀਜ਼ ਹੋਈ 'ਅਰਦਾਸ', 2019 'ਚ ਆਈ 'ਅਰਦਾਸ ਕਰਾਂ' ਦੇ ਤੀਸਰੇ ਭਾਗ ਦੇ ਰੂਪ 'ਚ ਦਰਸ਼ਕਾਂ ਸਾਹਮਣੇ ਲਿਆਂਦੀ ਜਾ ਰਹੀ ਹੈ ਉਕਤ ਫ਼ਿਲਮ, ਜਿਸ ਦੇ ਜਾਰੀ ਹੋਣ ਜਾ ਰਹੇ ਗਾਣੇ ਦੀ ਗੱਲ ਕੀਤੀ ਜਾਵੇ ਇਸ ਨੂੰ ਆਵਾਜ਼ ਨਛੱਤਰ ਗਿੱਲ ਨੇ ਦਿੱਤੀ ਹੈ, ਜਦਕਿ ਇਸ ਦੇ ਬੋਲ ਅਤੇ ਕੰਪੋਜੀਸ਼ਨ ਦੀ ਸਿਰਜਣਾ ਹੈਪੀ ਰਾਏਕੋਟੀ ਨੇ ਕੀਤੀ ਹੈ। ਇਸ ਦਾ ਸੰਗੀਤ ਗਿੱਪੀ ਗਰੇਵਾਲ ਦੁਆਰਾ ਤਿਆਰ ਕੀਤਾ ਗਿਆ ਹੈ। 13 ਸਤੰਬਰ ਨੂੰ ਦੁਨੀਆਭਰ 'ਚ ਰਿਲੀਜ਼ ਹੋਣ ਜਾ ਰਹੀ ਫ਼ਿਲਮ ਦੇ ਕਰੀਅਰ ਦੀ ਇੱਕ ਹੋਰ ਬਿਹਤਰੀਨ ਫ਼ਿਲਮ ਵੀ ਮੰਨਿਆ ਜਾ ਰਿਹਾ, ਜਿਸ ਦਾ ਦਰਸ਼ਕਾਂ ਵੱਲੋਂ ਵੀ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਹੈ।

## ਗਾਇਕ ਆਰ ਨੇਤ ਵਲੋਂ ਫੈਨਜ਼ ਨੂੰ ਖ਼ਾਸ ਤੋਹਫ਼ਾ, ਜਾਣ ਹੋਵੋਗੇ ਬਾਗੋ-ਬਾਗ



ਪੰਜਾਬੀ ਸੰਗੀਤ ਜਗਤ 'ਚ ਅੱਜ 'ਧਰੂ ਤਾਰੇ' ਵਾਂਗ ਅਪਣੀ ਅਲਹਦਾ ਹੋਂਦ ਦਾ ਇਜ਼ਹਾਰ ਕਰਵਾ ਰਹੇ ਹਨ ਗਾਇਕ ਆਰ ਨੇਤ, ਜੋ ਅਪਣਾ ਨਵਾਂ ਗਾਣਾ 'ਦਮ ਰੱਖ ਦੀ' ਸਰੋਤਿਆ ਅਤੇ ਦਰਸ਼ਕਾਂ ਦੇ ਸਨਮੁੱਖ ਕਰਨ ਜਾ ਰਹੇ ਹਨ। ਆਰ ਨੇਤ ਦਾ ਇਹ ਗੀਤ 8 ਅਗਸਤ ਨੂੰ ਵੱਖ-ਵੱਖ ਸੰਗੀਤਕ ਪਲੇਟਫ਼ਾਰਮ 'ਤੇ ਜਾਰੀ ਕੀਤਾ ਜਾ ਰਿਹਾ ਹੈ। 'ਆਰ ਨੇਤ' ਅਤੇ 'ਰਾਜਚੇਤ ਸ਼ਰਮਾ' ਵੱਲੋਂ ਅਪਣੇ ਘਰੇਲੂ ਸੰਗੀਤਕ ਲੇਬਲ ਅਧੀਨ ਪੇਸ਼ ਕੀਤੇ ਜਾ ਰਹੇ ਇਸ ਗਾਣੇ ਨੂੰ ਅਵਾਜ਼ ਅਤੇ ਬੋਲ ਦੇਣ ਦੇ ਨਾਲ-ਨਾਲ ਇਸ ਦੀ ਕੰਪੋਜੀਸ਼ਨ ਦੀ ਸਿਰਜਣਾ ਵੀ ਆਰ ਨੇਤ ਵੱਲੋਂ ਖੁਦ ਕੀਤੀ ਗਈ ਹੈ। ਬੀਟ ਸਾਂਗ ਅਤੇ ਡਾਂਸ ਨੰਬਰ ਵਜੋਂ ਸਾਹਮਣੇ ਲਿਆਂਦੇ ਜਾ ਰਹੇ ਇਸ ਗਾਣੇ ਨੂੰ ਸਹਿ ਗਾਇਕਾ ਦੇ ਤੌਰ 'ਤੇ ਆਵਾਜ਼ ਉਭਰਦੀ ਗਾਇਕਾ ਸਿਮਰ ਕੌਰ ਵੱਲੋਂ ਦਿੱਤੀ ਗਈ ਹੈ, ਜਿਨ੍ਹਾਂ ਦੋਹਾਂ ਦੀ ਖ਼ੂਬਸੂਰਤ ਸੁਮੇਲਤਾ ਹੀ ਸੰਗੀਤਕ ਖ਼ੇਤਰ 'ਚ ਦਸਤਕ ਦੇਣ ਜਾ ਰਹੇ ਇਸ ਪ੍ਰਭਾਵਪੂਰਨ ਗਾਣੇ ਦਾ ਮਿਊਜ਼ਿਕ ਮਿਕਸ ਸਿੰਘ ਦੁਆਰਾ ਤਿਆਰ ਕੀਤਾ ਗਿਆ ਹੈ, ਜੋ ਇੰਨੀਂ ਦਿਨੀਂ ਉੱਚ-ਕੋਟੀ ਅਤੇ ਸਫ਼ਲ ਸੰਗੀਤਕਾਰਾਂ 'ਚ ਅਪਣੀ ਮੌਜ਼ੂਦਗੀ ਦਰਜ ਕਰਵਾ ਰਹੇ ਹਨ।ਸੰਗੀਤਕ ਗਲਿਆਰਿਆਂ 'ਚ ਖਿੱਚ ਅਤੇ ਚਰਚਾ ਦਾ ਕੇਂਦਰ-ਬਿੰਦੂ ਬਣੇ ਇਸ ਗਾਣੇ ਸੰਬੰਧਤ ਮਿਊਜ਼ਿਕ ਵੀਡੀਓ ਵੀ ਬੇਹੱਦ ਸ਼ਾਨਦਾਰ ਬਣਾਇਆ ਗਿਆ ਹੈ, ਜਿਸ ਨੂੰ ਚਾਰ ਚੰਨ ਲਾਉਣ 'ਚ ਮਸ਼ਹੂਰ ਮਾਡਲ ਅਤੇ ਅਦਾਕਾਰਾ ਪ੍ਰਾਂਜਲ ਦਾਹੀਆ ਵੱਲੋਂ ਵੀ ਅਹਿਮ ਭੂਮਿਕਾ ਨਿਭਾਈ ਗਈ ਹੈ, ਜੋ ਰਿਲੀਜ਼ ਹੋਣ ਜਾ ਰਹੀ ਬਹੁ-ਚਰਚਿਤ ਅਤੇ ਗੁਰਨਾਮ ਭੁੱਲਰ ਸਟਾਰਰ ਪੰਜਾਬੀ ਫ਼ਿਲਮ 'ਰੋਜ਼ ਰੋਜ਼ੀ ਤੇ ਗੁਲਾਬ' ਦੁਆਰਾ ਪਾਲੀਵੁੱਡ 'ਚ ਵੀ ਸ਼ਾਨਦਾਰ ਡੈਬਿਊ ਕਰਨ ਜਾ ਰਹੀ ਹੈ। ਹਾਲ ਹੀ 'ਚ ਜਾਰੀ ਕੀਤੇ ਅਪਣੇ ਕਈ ਗਾਣਿਆਂ ਨਾਲ ਵੀ ਸੰਗੀਤ ਖ਼ੇਤਰ 'ਚ ਅਪਣੀ ਧੱਕ ਕਾਇਮ ਰੱਖਣ 'ਚ ਸਫ਼ਲ ਰਹੇ ਹਨ ਗਾਇਕ ਆਰ ਨੇਤ, ਜੋ ਬਤੌਰ ਗੀਤਕਾਰ ਅਤੇ ਕੰਪੋਜ਼ਰ ਵੀ ਚੌਖੀ ਭੱਲ ਸਥਾਪਿਤ ਕਰ ਚੁੱਕੇ ਹਨ। ਪੜਾਅ-ਦਰ-ਪੜਾਅ ਨਵੇਂ ਅਯਾਮ ਕਾਇਮ ਕਰਦੇ ਜਾ ਰਹੇ ਗਾਇਕ, ਗੀਤਕਾਰ ਆਰ ਨੇਤ ਵੱਲੋਂ ਹਾਲ ਹੀ ਦੇ ਦਿਨਾਂ 'ਚ ਜਾਰੀ ਕੀਤੇ ਅਤੇ ਅਪਾਰ ਮਕਬੂਲੀਅਤ ਹਾਸਲ ਕਰਨ ਵਾਲੇ ਗਾਣਿਆਂ ਵੱਲ ਨਜ਼ਰਸਾਨੀ ਕੀਤੀ ਜਾਵੇ ਤਾਂ ਇਨ੍ਹਾਂ 'ਚ 'ਪੀ. ਐੱਮ. ਸੀ. ਐੱਮ', 'ਤੇਰੇ ਬਿਨ', 'ਮਾਂ' ਆਦਿ ਸ਼ਾਮਲ ਰਹੇ ਹਨ।

## ਸੰਨੀ ਦਿਓਲ ਦੀ ਫ਼ਿਲਮ 'ਗਦਰ 2' ਇਕ ਵਾਰ ਫਿਰ ਸਿਨੇਮਾਘਰਾਂ 'ਚ ਹੋਈ ਰਿਲੀਜ਼

ਬਾਲੀਵੁੱਡ ਅਦਾਕਾਰ ਸੰਨੀ ਦਿਓਲ ਅਤੇ ਅਮੀਸ਼ਾ ਪਟੇਲ ਦੀ ਫ਼ਿਲਮ 'ਗਦਰ 2' ਸਾਲ 2023 ਦੀ ਸਭ ਤੋਂ ਮਸ਼ਹੂਰ ਫ਼ਿਲਮਾਂ 'ਚੋਂ ਇੱਕ ਸੀ। ਫ਼ਿਲਮ ਨੇ ਬਾਕਸ ਆਫਿਸ 'ਤੇ ਇਤਿਹਾਸ ਰਚ ਦਿੱਤਾ ਸੀ। ਹੁਣ 'ਗਦਰ 2' ਇੱਕ ਵਾਰ ਫਿਰ ਸਿਨੇਮਾਘਰਾਂ 'ਚ ਹਿੱਟ ਹੋਣ ਲਈ ਤਿਆਰ ਹੈ। ਬਾਕਸ ਆਫਿਸ 'ਤੇ ਇਤਿਹਾਸ ਰਚਣ ਵਾਲੀ ਸੰਨੀ ਦਿਓਲ ਅਤੇ ਅਮੀਸ਼ਾ ਪਟੇਲ ਸਟਾਰਰ ਫ਼ਿਲਮ 'ਗਦਰ 2' ਇਕ ਵਾਰ ਫਿਰ ਸਿਨੇਮਾਘਰਾਂ 'ਚ ਵਾਪਸੀ ਕਰੇਗੀ। ਇਹ ਫ਼ਿਲਮ 4 ਅਗਸਤ ਨੂੰ ਸਿਨੇਮਾਘਰਾਂ 'ਚ ਮੁੜ ਰਿਲੀਜ਼ ਹੋਈ ਹੈ ਪਰ ਇਸ ਵਾਰ ਇਹ ਅਪਾਹਜ ਦਰਸ਼ਕਾਂ ਲਈ ਭਾਰਤੀ ਸੈਨਤ ਭਾਸ਼ਾ (ISL) 'ਚ ਰਿਲੀਜ਼ ਕੀਤੀ ਜਾਵੇਗੀ। 'ਗਦਰ 2' ਨੂੰ ਪਿਛਲੇ ਸਾਲ ਦੇਸ਼ ਭਰ 'ਚ ਲੱਖਾਂ ਲੋਕਾਂ ਨੇ ਦੇਖਿਆ ਸੀ ਅਤੇ ਇਹ ਹੁਣ ਤੱਕ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਹਿੰਦੀ ਫ਼ਿਲਮਾਂ 'ਚੋਂ ਇੱਕ ਬਣ ਗਈ ਹੈ। ਆਈ. ਐੱਸ. ਐੱਲ. 'ਚ ਫ਼ਿਲਮ ਨੂੰ ਰਿਲੀਜ਼ ਕਰਨ ਦਾ ਉਦੇਸ਼ ਅਪਾਹਜ ਦਰਸ਼ਕਾਂ ਨੂੰ ਇੱਕ ਇਮਰਸਿਵ ਸਿਨੇਮੈਟਿਕ ਅਨੁਭਵ ਪ੍ਰਦਾਨ ਕਰਨਾ ਹੈ।ਇਸ ਕਦਮ ਲਈ ਜ਼ੀ ਸਟੂਡੀਓਜ਼ ਨੇ ਫ਼ਿਲਮ ਦੀ ਪਹਿਲੀ ਵਰ੍ਹੇਗੰਢ ਤੋਂ ਪਹਿਲਾਂ 'ਇੰਡੀਆ ਸਾਈਨਿੰਗ ਹੈਂਡਸ' ਨਾਂ ਦੀ ਸੰਸਥਾ ਨਾਲ ਸਾਂਝੇਦਾਰੀ ਕੀਤੀ ਹੈ। ਇਸ ਪਹਿਲਕਦਮੀ ਬਾਰੇ ਫ਼ਿਲਮ ਦੀ ਅਦਾਕਾਰਾ ਅਮੀਸ਼ਾ ਪਟੇਲ ਨੇ ਕਿਹਾ, 'ਗਦਰ' ਫ਼ਿਲਮਾਂ ਦਾ ਹਿੱਸਾ ਬਣਨਾ ਮੇਰੇ ਲਈ ਖ਼ਾਸ ਸਫ਼ਰ ਰਿਹਾ ਹੈ। ਇਹ ਬਹੁਤ ਵਧੀਆ ਹੈ ਕਿ ਅਸੀਂ ਸਕੀਨਾ ਦੀ ਕਹਾਣੀ ਨੂੰ ਵਿਸ਼ੇਸ਼ ਦਰਸ਼ਕਾਂ ਲਈ ਵੱਡੇ ਪਰਦੇ 'ਤੇ ਵਾਪਸ ਲਿਆ ਰਹੇ ਹਾਂ, ਜਿਨ੍ਹਾਂ ਨੂੰ ਸਾਡੇ ਵਾਂਗ ਸਿਨੇਮਾ 'ਚ ਫ਼ਿਲਮਾਂ ਦੇਖਣ ਦਾ ਪੂਰਾ ਆਨੰਦ ਨਹੀਂ ਮਿਲਦਾ। ਮੈਨੂੰ ਉਮੀਦ ਹੈ ਕਿ ਇਹ ਪਹਿਲਕਦਮੀ ਹੋਰ ਫ਼ਿਲਮ ਨਿਰਮਾਤਾਵਾਂ ਨੂੰ ਸਿਨੇਮਾ ਨੂੰ ਅੱਗੇ ਲਿਜਾਣ ਲਈ ਪ੍ਰੇਰਿਤ ਕਰੇਗੀ। ਸੰਨੀ ਦਿਓਲ ਨੇ ਕਿਹਾ, ''ਫ਼ਿਲਮ 'ਗਦਰ 2' ਇਕ ਅਜਿਹੀ ਫ਼ਿਲਮ ਹੈ, ਜਿਸ ਦਾ ਮੇਰੇ ਦਿਲ 'ਚ ਖ਼ਾਸ ਸਥਾਨ ਹੈ ਅਤੇ ਹਮੇਸ਼ਾ ਰਹੇਗਾ। ਇਸ ਦੀ ਰਿਲੀਜ਼ ਦੇ ਇੱਕ ਸਾਲ ਬਾਅਦ ਵੀ ਦਰਸ਼ਕਾਂ ਵੱਲੋਂ ਸਾਨੂੰ ਜੋ ਪਿਆਰ ਅਤੇ ਸਮਰਥਨ ਮਿਲ ਰਿਹਾ ਹੈ, ਉਨ੍ਹਾਂ ਨੂੰ ਦੇਖ ਕੇ ਬਹੁਤ ਵਧੀਆ ਲੱਗਦਾ ਹੈ। ਭਾਰਤੀ ਸਾਈਨ ਲੈਂਗੂਏਜ ਦੇ ਨਾਲ ਦੁਬਾਰਾ ਰਿਲੀਜ਼ ਹੋਣ ਨਾਲ ਇਹ ਫ਼ਿਲਮ ਇਸ ਵਾਰ ਹੋਰ ਵੀ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਸਕੇਗੀ।

## ਗਾਇਕ ਸਿੰਗਾ ਨੇ ਖੋਲ੍ਹੇ ਇੰਡਸਟਰੀ ਦੇ ਕਾਲੇ ਚਿੱਠੇ



ਪੰਜਾਬੀ ਗਾਇਕ ਸਿੰਗਾ ਸੰਗੀਤ ਜਗਤ ਦੇ ਮਸ਼ਹੂਰ ਸਿਤਾਰਿਆਂ 'ਚੋਂ ਇੱਕ ਹਨ। ਉਨ੍ਹਾਂ ਆਪਣੀ ਗਾਇਕੀ ਨਾਲ ਨਾ ਸਿਰਫ਼ ਦੇਸ਼ ਸਗੋਂ ਵਿਦੇਸ਼ 'ਚ ਵੀ ਆਪਣਾ ਸਿੱਕਾ ਜਮਾਇਆ ਹੈ ਪਰ ਉਸ ਨੇ ਹਾਲ ਹੀ 'ਚ ਇੰਸਟਾਗ੍ਰਾਮ 'ਤੇ ਇਕ ਵੀਡੀਓ ਸਾਂਝਾ ਕੀਤਾ, ਜਿਸ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ। ਇੰਸਟਾਗ੍ਰਾਮ 'ਤੇ ਵੀਡੀਓ 'ਚ ਉਨ੍ਹਾਂ ਕਿਹਾ ਕਿ ਪੰਜਾਬੀ ਇੰਡਸਟਰੀ 'ਚ ਇਨਫਲੂਐਂਸਰ ਕੁੜੀਆਂ ਨੇ ਗੰਦ ਪਾਇਆ ਹੋਇਆ ਹੈ। ਘਰੋਂ ਕੁਝ ਹੋਰ ਆਖ ਕੇ ਆਉਂਦੀਆਂ ਅਤੇ ਬਾਹਰ ਕੁਝ ਹੋਰ ਕਰਦੀਆਂ ਹਨ। ਕੋਈ ਵੀ ਆਪਣੀ ਮਿਹਨਤ ਨਾਲ ਨਹੀਂ ਕੰਮ ਕਰਨਾ ਚਾਹੁੰਦਾ ਸਗੋਂ ਸ਼ਾਟ-ਕੱਟ ਲੱਭ ਕੇ ਪੈਸੇ ਕਮਾਉਣਾ ਚਾਹੁੰਦੀਆਂ ਹਨ। ਇਨਫਲੂਐਂਸਰ ਦੇ ਕਿਵੇਂ ਖਰਚੇ ਨਿਕਲਦੇ ਹਨ ਇਨ੍ਹਾਂ ਬਾਰੇ ਸਾਰਿਆਂ ਨੂੰ ਪਤਾ ਹੈ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਨੂੰ ਇੰਡਸਟਰੀ ਬਾਰੇ ਪਤਾ ਨਹੀਂ ਉਹ ਪ੍ਰੋਡਕਾਸਟਾਂ 'ਚ ਜਾ ਕੇ ਬੋਲਦੇ ਹਨ ਕਿ ਪੰਜਾਬੀ ਇੰਡਸਟਰੀ 'ਚ ਇਹ ਕੁਝ ਚੱਲ ਰਿਹਾ ਹੈ। ਇੰਡਸਟਰੀ 'ਚ ਘਰ ਕੁਝ ਹੋਰ ਹੈ, ਰੀਲਾਂ 'ਚ ਕੁਝ ਹੋਰ ਹੈ ਤੇ ਫਲੈਟਾਂ 'ਚ ਕੁਝ ਹੋਰ ਚੱਲ ਰਿਹਾ ਹੈ। ਸਿੰਗਾ ਨੇ ਕਿਹਾ ਕਿ ਕਈਆਂ ਨੂੰ ਮੇਰੀਆਂ ਗੱਲਾਂ ਨਾਲ ਸੇਕ ਲੱਗੇਗਾ ਪਰ ਸੱਚ ਤਾਂ ਸੱਚ ਹੈ। ਜੇਕਰ ਤੁਸੀਂ ਵੀਡੀਓ ਬਣਾਉਣੀਆਂ ਹੀ ਹਨ ਤਾਂ ਵਧੀਆਂ ਬਣਾਇਆ ਕਰੋ। ਆਪ ਖੁਦ ਚੀਜ਼ਾਂ ਲੱਭਿਆ ਕਰੋ, ਪਰ ਨਹੀਂ ਅੱਜ ਕੱਲ੍ਹ ਤਾਂ ਕੈਮਰਾ ਹੀ ਪਿੱਛੇ ਤੋਂ ਸ਼ੁਰੂ ਹੁੰਦਾ ਹੈ, ਲੱਕ ਵਿਖਾਏ ਜਾਂਦੇ ਹਨ। ਪ੍ਰੋਡਕਾਸਟਾਂ 'ਚ ਤੁਸੀਂ ਜਾ ਕੇ ਕਹਿੰਦੇ ਨੇ ਸਾਡੇ ਨਾਲ ਇਹ ਹੋ ਗਿਆ ਪਰ ਤੁਹਾਡੇ ਨਾਲ ਹੀ ਕਿਉਂ ਹੁੰਦਾ, ਚੰਗੇ ਘਰਾਂ ਦੀਆਂ ਕੁੜੀਆਂ ਨਾਲ ਕਿਉਂ ਨਹੀਂ ਐਵੇਂ ਹੁੰਦਾ।

## ਆਜ਼ਾਦੀ ਦਿਵਸ ’ਤੇ ਰਿਲੀਜ਼ ਹੋਵੇਗੀ ਜੌਨ ਅਬ੍ਰਾਹਮ ਤੇ ਸ਼ਰਵਰੀ ਦੀ ਫਿਲਮ ‘ਵੇਦਾ’



- ਜੌਨ ਅਬ੍ਰਾਹਮ ਤੇ ਸ਼ਰਵਰੀ ਦੀ ਫਿਲਮ ‘ਵੇਦਾ’ ਆਜ਼ਾਦੀ ਦਿਵਸ ’ਤੇ ਹਿੰਦੀ ਫਿਲਮਾਂ ਦੇ ਮੈਗਾ ਟ੍ਰਿਪਲ ਕਲੈਸ਼ ਦਾ ਹਿੱਸਾ ਬਣਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਦਾ ਮੁਕਾਬਲਾ ਦੋ ਹੋਰ ਵੱਡੀਆਂ ਫਿਲਮਾਂ ‘ਖੇਲ ਖੇਲ ਮੇਂ’ ਅਤੇ ‘ਇਸਤਰੀ 2’ ਨਾਲ ਹੋਵੇਗਾ। ਰਾਮ ਪੋਥੀਨੇਨੀ ਤੇ ਸੰਜੇ ਦੱਤ ਦੀ ਤੇਲਗੂ ਫਿਲਮ ‘ਡਬਲ ਆਈਸਮਾਰਟ’ ਵੀ ਨਾਲੋ-ਨਾਲ ਰਿਲੀਜ਼ ਹੋ ਰਹੀ ਹੈ, ਇਹ ਇਕ ਟ੍ਰੈਫਿਕ ਜਾਮ ਵਾਂਗ ਲੱਗ ਸਕਦਾ ਹੈ, ਪਰ ਹਰ ਫਿਲਮ ਦੀ ਆਪਣੀ ਵਿਸ਼ੇਸ਼ਤਾ ਹੁੰਦੀ ਹੈ ਅਤੇ ਜਦੋਂ ‘ਵੇਦਾ’ ਦੀ ਗੱਲ ਆਉਂਦੀ ਹੈ ਤਾਂ ਸੰਭਾਵਨਾਵਾਂ ਕਾਫੀ ਚੰਗੀਆਂ ਹੁੰਦੀਆਂ ਹਨ। ਇਕ ਪਾਸੇ ਤੁਹਾਡੇ ਕੋਲ ਜੌਨ ਅਬ੍ਰਾਹਮ ਹਨ, ਜੋ ਲਗਭਗ ਡੇਢ ਸਾਲ ਬਾਅਦ ਵੱਡੇ ਪਰਦੇ ’ਤੇ ਨਜ਼ਰ ਆਉਣਗੇ। ਦੂਜੇ ਪਾਸੇ ਇਕ ਅਦਾਕਾਰ ਹੈ ਜੋ ਹਾਲੇ ਕੁਝ ਵੀ ਗਲਤ ਨਹੀਂ ਕਰ ਸਕਦਾ। ਅਭਿਨੇਤਾ ਨੇ ਕੁਝ ਮਹੀਨੇ ਪਹਿਲਾਂ ‘ਮੁੰਜਿਆ’ ਦੇ ਰੂਪ ’ਚ 100 ਕਰੋੜ ਰੁਪਏ ਦੀ ਬਲਾਕਬਸਟਰ ਫਿਲਮ ਦਿੱਤੀ ਸੀ ਅਤੇ ਨੈੱਟਫਲਿਕਸ ਫਿਲਮ ‘ਮਹਾਰਾਜ’ ’ਚ ਆਪਣੇ ਅਭਿਨੈ ਲਈ ਕਾਫੀ ਪ੍ਰਸ਼ੰਸਾ ਹਾਸਲ ਕੀਤੀ ਜੋ ਪਿਛਲੇ ਚਾਰ ਹਫਤਿਆਂ ਤੋਂ ਸਟ੍ਰੀਮਿੰਗ ’ਤੇ ਟ੍ਰੈਂਡ ਕਰ ਰਹੀਆਂ ਹਨ।

## ਫ਼ਿਲਮ 'ਤਬਾਹ' ਦਾ ਟੀਜ਼ਰ ਰਿਲੀਜ਼, ਪਰਮੀਸ਼ ਵਰਮਾ ਪਿਆਰ 'ਚ ਬਰਬਾਦ ਹੁੰਦੇ ਦਿਸੇ




'ਆਹ ਲੈ ਚੱਕ ਮੈਂ ਆ ਗਿਆ', 'ਛੜਾ', 'ਪਿੰਡਾਂ ਆਲੇ ਜੱਟ' ਵਰਗੇ ਅਨੇਕਾਂ ਸ਼ਾਨਦਾਰ ਗੀਤਾਂ ਲਈ ਜਾਣੇ ਜਾਂਦੇ ਪਰਮੀਸ਼ ਵਰਮਾ ਇਸ ਸਮੇਂ ਆਪਣੀ ਨਵੀਂ ਫ਼ਿਲਮ 'ਤਬਾਹ' ਨੂੰ ਲੈ ਕੇ ਲਗਾਤਾਰ ਸੁਰਖ਼ੀਆਂ ਬਟੋਰ ਰਹੇ ਹਨ। ਵਾਮਿਕਾ ਗੱਬੀ ਅਤੇ ਪਰਮੀਸ਼ ਵਰਮਾ ਸਟਾਰਰ ਇਸ ਫ਼ਿਲਮ ਦਾ ਹਾਲ ਹੀ 'ਚ ਟੀਜ਼ਰ ਰਿਲੀਜ਼ ਕੀਤਾ ਗਿਆ ਹੈ, ਜੋ ਕਿ ਲੋਕਾਂ ਨੂੰ ਕਾਫ਼ੀ ਪਸੰਦ ਆ ਰਿਹਾ ਹੈ।ਜੇਕਰ ਪਰਮੀਸ਼ ਦੀ ਫ਼ਿਲਮ ਦੇ ਟੀਜ਼ਰ ਦੇ ਵਿਸ਼ੇ ਦੀ ਗੱਲ ਕਰੀਏ ਤਾਂ ਇਹ ਪੂਰਾ ਪਿਆਰ 'ਤੇ ਘੁੰਮਦਾ ਹੈ। "ਪਿਆਰ...ਕਿਸੇ ਨੂੰ ਤਬਾਹ ਕਰ ਦਿੰਦਾ ਐ, ਕੋਈ ਤਬਾਹ ਹੋ ਜਾਂਦਾ ਐ..." ਦੀ ਟੈਗ ਲਾਈਨ 'ਤੇ ਰਿਲੀਜ਼ ਕੀਤੀ ਜਾ ਰਹੀ ਹੈ ਇਹ ਫ਼ਿਲਮ ਪਿਆਰ ਨਾਲ ਇੱਕ ਇਨਸਾਨ 'ਤੇ ਪੈਂਦੇ ਚੰਗੇ ਮਾੜੇ ਮਾਨਸਿਕ ਪ੍ਰਭਾਵਾਂ ਨੂੰ ਬਿਆਨ ਕਰਦੀ ਹੈ। ਟੀਜ਼ਰ ਨੂੰ ਦਰਸ਼ਕ ਕਾਫ਼ੀ ਪਸੰਦ ਕਰ ਰਹੇ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਕੁਮੈਂਟ ਕਰ ਰਹੇ ਹਨ। ਪਰਮੀਸ਼ ਵਰਮਾ ਫਿਲਮਜ਼' ਦੇ ਬੈਨਰ ਅਧੀਨ ਪੇਸ਼ ਕੀਤੀ ਜਾ ਰਹੀ ਇਸ ਫ਼ਿਲਮ ਦਾ ਨਿਰਮਾਣ ਅਤੇ ਨਿਰਦੇਸ਼ਨ ਪਰਮੀਸ਼ ਵਰਮਾ ਨੇ ਖੁਦ ਕੀਤਾ ਹੈ। ਇਸ ਫ਼ਿਲਮ ਦਾ ਲੇਖਨ ਗੁਰਜਿੰਦ ਮਾਨ ਨੇ ਕੀਤਾ ਹੈ, ਜੋ ਇਸ ਤੋਂ ਪਹਿਲਾਂ ਅਦਾਕਾਰ ਅਤੇ ਲੇਖਕ ਦੇ ਤੌਰ 'ਤੇ ਕਈ ਵੱਡੀਆਂ ਫ਼ਿਲਮਾਂ ਦਾ ਹਿੱਸਾ ਰਹੇ ਹਨ, ਜਿਨ੍ਹਾਂ 'ਚ 'ਯਾਰ ਅਣਮੁੱਲੇ ਰਿਟਰਨਜ਼', 'ਪੰਜਾਬ ਸਿੰਘ', 'ਵਨਸ ਓਪਾਨ ਏ ਟਾਈਮ ਇਨ ਅੰਮ੍ਰਿਤਸਰ' ਆਦਿ ਸ਼ਾਮਲ ਹਨ। ਪਰਮੀਸ਼ ਵਰਮਾ ਅਤੇ ਵਾਮਿਕਾ ਗੱਬੀ ਸਟਾਰਰ ਇਹ ਫ਼ਿਲਮ ਇਸ ਸਾਲ 18 ਅਕਤੂਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਸਾਲ 2019 'ਚ ਆਈ ਫ਼ਿਲਮ 'ਦਿਲ ਦੀਆਂ ਗੱਲਾਂ' ਤੋਂ ਬਾਅਦ ਵਾਮਿਕਾ ਗੱਬੀ ਅਤੇ ਪਰਮੀਸ਼ ਵਰਮਾ ਦੀ ਇਕੱਠਿਆਂ ਇਹ ਦੂਸਰੀ ਫ਼ਿਲਮ ਹੈ, ਜਿਸ ਦੁਆਰਾ ਇਹ ਸ਼ਾਨਦਾਰ ਸਕਰੀਨ ਜੋੜੀ 4 ਸਾਲ ਬਾਅਦ ਦਰਸ਼ਕਾਂ ਦੇ ਸਨਮੁੱਖ ਹੋਣ ਜਾ ਰਹੀ ਹੈ।

## 2025 ’ਚ ਰਿਲੀਜ਼ ਲਈ ਤਿਆਰ ‘ਜੀ 2’, ਸਾਰੀਆਂ ਪ੍ਰਮੁੱਖ ਭਾਰਤੀ ਭਾਸ਼ਾਵਾਂ ’ਚ ਹੋਵੇਗੀ ਮੁਹੱਈਆ



ਅਦਾਕਾਰ ਤੇ ਨਿਰਮਾਤਾ ਅਦੀਵੀ ਸ਼ੇਸ਼ ਨੇ ਸ਼ਾਨਦਾਰ ਜਾਸੂਸੀ ਥ੍ਰਿਲਰ ‘ਗੁਡਾਚਾਰੀ’ ਦੀ ਛੇ ਸਾਲ ਦੀ ਵਰ੍ਹੇਗੰਢ ਮਨਾਉਣ ਲਈ ਟਵਿੱਟਰ ਦਾ ਸਹਾਰਾ ਲਿਆ। ਮੂਲ ਫਿਲਮ ਦੀ ਸਫਲਤਾ ਦੇ ਆਧਾਰ ’ਤੇ ਜੀ2 ਨੇ ਫਰੈਂਚਾਈਜ਼ੀ ਨੂੰ ਨਵੀਆਂ ਉਚਾਈਆਂ ’ਤੇ ਲਿਜਾਣ ਦਾ ਵਾਅਦਾ ਕੀਤਾ ਹੈ। ਨਿਰਮਾਤਾਵਾਂ ਨੇ ਛੇ ਸਟਾਈਲਿਸ਼ ਪਲ ਜਾਰੀ ਕੀਤੇ ਹਨ ਜੋ ਫਿਲਮ ਦੇ ਅੰਤਰਰਾਸ਼ਟਰੀ ਪੈਮਾਨੇ ਤੇ ਸੂਝ-ਬੂਝ ਨੂੰ ਉਜਾਗਰ ਕਰਦੇ ਹਨ। ਸਾਲ 2025 ਦੇ ਦੂਜੇ ਅੱਧ ’ਚ ਇਕ ਸ਼ਾਨਦਾਰ ਰਿਲੀਜ਼ ਲਈ ਤਿਆਰ ‘ਜੀ2’ ਸਾਰੀਆਂ ਪ੍ਰਮੁੱਖ ਭਾਰਤੀ ਭਾਸ਼ਾਵਾਂ ’ਚ ਉਪਲਬਧ ਹੋਵੇਗੀ, ਜਿਸ ਨਾਲ ਇਹ ਸੁਨਿਸ਼ਚਿਤ ਹੋਵੇਗਾ ਕਿ ਇਹ ਇਕ ਵਿਸ਼ਾਲ ਦਰਸ਼ਕਾਂ ਤੱਕ ਪਹੁੰਚੇ। ਸ਼ੇਸ਼ ਨੇ ਕਿਹਾ, ‘‘ਗੁਡਾਚਾਰੀ’ ਕਈ ਕਾਰਨਾਂ ਕਰਕੇ ਇਕ ਖਾਸ ਫਿਲਮ ਹੈ। ਫਿਲਮ ਦੀ ਵਿਰਾਸਤ ਸਮੇਂ ਦੇ ਨਾਲ ਵੱਡੀ ਹੋਈ ਹੈ। 6 ਸਾਲਾਂ ਵਿਚ ਇਕ ਵੀ ਹਫ਼ਤਾ ਅਜਿਹਾ ਨਹੀਂ ਲੰਘਿਆ ਜਦੋਂ ਮੈਂ ‘ਗੁੱਡਾਚਾਰੀ’ ਦੀ ਤਾਰੀਫ਼ ਨਾ ਸੁਣੀ ਹੋਵੇ। ਵਰਤਮਾਨ ਵਿਚ ਲਗਭਗ 40% ਉਤਪਾਦਨ ਕਰ ਰਹੇ ਹਾਂ। ਅਸੀਂ ਹੁਣ ਤੱਕ ਜੋ ਪ੍ਰਾਪਤ ਕੀਤਾ ਹੈ ਉਸ ਦੀ ਗੁਣਵੱਤਾ ਤੇ ਊਰਜਾ ਬਾਰੇ ਉਤਸ਼ਾਹਿਤ ਹਾਂ।

# ਬ੍ਰਿਟੇਨ 'ਚ ਪ੍ਰਦਰਸ਼ਨਕਾਰੀਆਂ ਨੇ ਹੋਟਲ ਨੂੰ ਲਾਈ ਅੱਗ



ਬ੍ਰਿਟੇਨ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਦਾਖਲੇ ਖ਼ਿਲਾਫ਼ ਚੱਲ ਰਹੇ ਵਿਰੋਧ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਇਕ ਹੋਰ ਹੋਟਲ ਦੀ ਇਮਾਰਤ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ ਐਤਵਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਇੰਗਲਿਸ਼ ਸ਼ਹਿਰ ਰੋਦਰਹੈਮ ਵਿੱਚ ਹਾਲੀਡੇ ਇਨ ਐਕਸਪ੍ਰੈਸ ਬਿਲਡਿੰਗ 'ਤੇ ਹਮਲਾ ਕੀਤਾ, ਜਿੱਥੇ ਪ੍ਰਵਾਸੀਆਂ ਨੂੰ ਠਹਿਰਾਇਆ ਜਾਂਦਾ ਹੈ। ਡੇਲੀ ਮੇਲ ਦੀ ਰਿਪੋਰਟ ਅਨੁਸਾਰ ਦੰਗਾਕਾਰੀਆਂ ਨੇ ਦਰਵਾਜ਼ਿਆਂ ਨੂੰ ਅੱਗ ਲਗਾ ਦਿੱਤੀ, ਖਿੜਕੀਆਂ ਤੋੜ ਦਿੱਤੀਆਂ ਅਤੇ ਪੁਲਸ 'ਤੇ ਵਸਤੂਆਂ ਸੁੱਟੀਆਂ। ਸਥਾਨਕ ਮੀਡੀਆ ਨੇ ਸ਼ਨੀਵਾਰ ਨੂੰ ਯੂ.ਕੇ ਦੇ ਕਈ ਸ਼ਹਿਰਾਂ ਵਿੱਚ ਮੈਨਚੈਸਟਰ, ਲੀਡਜ਼, ਬੇਲਫਾਸਟ ਅਤੇ ਹੋਰ ਸ਼ਹਿਰਾਂ ਸਮੇਤ ਸੈਂਕੜੇ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਦੀ ਰਿਪੋਰਟ ਕੀਤੀ। ਇੰਗਲੈਂਡ ਦੇ ਸਾਊਥਪੋਰਟ 'ਚ ਚਾਕੂ ਹਮਲੇ 'ਚ ਤਿੰਨ ਬੱਚਿਆਂ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਕਈ ਬ੍ਰਿਟਿਸ਼ ਸ਼ਹਿਰਾਂ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। 29 ਜੁਲਾਈ ਨੂੰ ਸਾਊਥਪੋਰਟ 'ਚ ਬੱਚਿਆਂ ਦੇ ਡਾਂਸ ਕਲੱਬ 'ਚ ਚਾਕੂ ਨਾਲ ਕੀਤੇ ਹਮਲੇ 'ਚ ਤਿੰਨ ਕੁੜੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਗੰਭੀਰ ਜ਼ਖਮੀ ਹੋ ਗਈਆਂ ਸਨ। ਇਸ ਘਟਨਾ ਕਾਰਨ ਪੁਲਸ ਨਾਲ ਭਾਰੀ ਵਿਰੋਧ ਅਤੇ ਝੜਪਾਂ ਹੋਈਆਂ, ਜਦੋਂ ਕਿ ਅਪੁਸ਼ਟ ਰਿਪੋਰਟਾਂ ਨੇ ਸੁਝਾਅ ਦਿੱਤਾ ਕਿ ਚਾਕੂ ਮਾਰਨ ਵਾਲਾ ਪੀੜਤ ਇੱਕ ਸ਼ਰਨਾਰਥੀ ਸੀ। ਬ੍ਰਿਟਿਸ਼ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਸੱਜੇ ਪੱਖੀ ਇੰਗਲਿਸ਼ ਡਿਫੈਂਸ ਲੀਗ (EDL) 'ਤੇ ਵਿਰੋਧ ਪ੍ਰਦਰਸ਼ਨਾਂ ਨੂੰ ਭੜਕਾਉਣ ਦਾ ਦੋਸ਼ ਲਗਾਇਆ ਹੈ, ਜਦੋਂ ਕਿ ਦੇਸ਼ ਦੇ ਕੁਝ ਮੀਡੀਆ ਨੇ ਰਿਪੋਰਟ ਦਿੱਤੀ ਕਿ ਦੰਗਿਆਂ ਦੇ ਪਿੱਛੇ ਰੂਸ ਸੀ। ਲੰਡਨ ਸਥਿਤ ਰੂਸੀ ਦੂਤਘਰ ਨੇ ਇਨ੍ਹਾਂ ਦੋਸ਼ਾਂ ਨੂੰ ਸਖ਼ਤੀ ਨਾਲ ਰੱਦ ਕੀਤਾ ਹੈ।

# ਸ੍ਰੀ ਸ਼ਿਪ੍ਰਾ ਗਿਰੀ ਜੀ ਮਹਾਰਾਜ ਗੁਜਰਾਤ ਵਾਲਿਆ ਦਾ ਇਟਲੀ ਪਹੁੰਚਣ 'ਤੇ ਨਿੱਘਾ ਸਵਾਗਤ



ਸਨਾਤਨ ਧਰਮ ਪ੍ਰਚਾਰ ਹਿੱਤ ਇੰਡੀਆ ਦੀ ਧਰਤੀ ਤੋਂ ਸ੍ਰੀ 1008 ਸ਼ਿਪ੍ਰਾ ਗਿਰੀ ਜੀ ਮਹਾਰਾਜ ਗੁਜਰਾਤ ਵਾਲੇ ਜੋ ਕਿ ਯੂਰਪ ਦੌਰੇ 'ਤੇ ਹਨ। ਬੀਤੇ ਦਿਨ ਉਹ ਇੰਗਲੈਂਡ ਤੋਂ ਇਟਲੀ ਪੁੱਜੇ ਹਨ। ਇੱਥੇ ਉਨ੍ਹਾਂ ਦਾ ਬੈਰਗਮੋ ਏਅਰਪੋਰਟ 'ਤੇ ਉਨ੍ਹਾਂ ਦੇ ਸ਼ਰਧਾਲੂਆ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਗਏ। ਗੱਲਬਾਤ ਕਰਦਿਆਂ ਸ਼ਿਪ੍ਰਾ ਗਿਰੀ ਜੀ ਮਹਾਰਾਜ ਗੁਜਰਾਤ ਵਾਲਿਆ ਨੇ ਆਏ ਸਾਰੇ ਸ਼ਰਧਾਲੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੱਖ-ਵੱਖ ਮੰਦਿਰਾਂ ਵਿੱਚ ਉਨ੍ਹਾਂ ਦੇ ਸਮਾਗਮ ਹੋਣਗੇ। ਇਸ ਮੌਕੇ ਗੱਲਬਾਤ ਕਰਦਿਆ ਕੌਂਸਲਰ ਜੈਸਿਕਾ ਕੌਰ, ਰਾਜੂ ਖੰਭ, ਪੰਡਿਤ ਡਿੰਪਲ ਸ਼ਰਮਾ, ਪੰਡਿਤ ਸਾਹਿਲ ਸ਼ਰਮਾਂ ਅਤੇ ਹੋਰ ਸ਼ਰਧਾਲੂਆਂ ਨੇ ਸ਼ਿਪ੍ਰਾ ਗਿਰੀ ਜੀ ਮਹਾਰਾਜ ਨੂੰ ਇਟਲੀ ਆਉਣ 'ਤੇ ਜੀ ਆਇਆ ਆਖਿਆ ਅਤੇ ਦੱਸਿਆ ਕਿ ਸ੍ਰੀ ਸ੍ਰੀ 1008 ਸ਼ਿਪ੍ਰਾ ਗਿਰੀ ਜੀ ਮਹਾਰਾਜ ਗੁਜਰਾਤ ਵਾਲੇ 28 ਅਗਸਤ ਤੱਕ ਇਟਲੀ ਵਿੱਚ ਰਹਿਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂ ਜੀ ਤੋਂ ਕੀਰਤਨ, ਹਵਨ,ਕਥਾ, ਹਨੂੰਮਾਨ ਚਾਲੀਸਾ ਕਰਵਾਉਣ ਲਈ ਸੰਪਰਕ ਕਰਨ। ਪ੍ਰਬੰਧਕਾਂ ਵੱਲੋਂ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ 5 ਤੋਂ 11 ਅਗਸਤ ਤੱਕ ਸ੍ਰੀ ਦੁਰਗਿਆਣਾ ਮੰਦਿਰ ਕਸਤੇਲਵੇਰਦੇ (ਕਰੇਮੋਨਾ) ਵਿੱਚ 7:30 ਤੋਂ 9:30 ਕਥਾ ਹੋਵੇਗੀ ਅਤੇ 11 ਅਗਸਤ ਨੂੰ ਹਵਨ ਹੋਵੇਗਾ। ਇਸ ਮੌਕੇ ਲੰਗਰ ਦਾ ਵਿਸੇਸ਼ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸ਼ਰਧਾਲੂਆ ਨੂੰ ਪਹੁੰਚਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਸ ਮੌਕੇ ਪਹੁੰਚ ਕੇ ਆਪਣੇ ਜੀਵਨ ਨੂੰ ਸਫਲਾ ਕਰਨ।

# ਲੇਬਨਾਨ ਨੇ ਇਜ਼ਰਾਈਲ ’ਤੇ ਸੁੱਟੇ 30 ਰਾਕੇਟ



ਲੇਬਨਾਨ ਤੋਂ ਉੱਤਰੀ ਇਜਰਾਈਲ ਵਿਚ ਲਗਭਗ 30 ਰਾਕੇਟ ਸੁੱਟੇ ਗਏ, ਜਿਨ੍ਹਾਂ ’ਚ ਜ਼ਿਆਦਾਤਰ ਨੂੰ ਰਸਤੇ ’ਚ ਹੀ ਮਾਰ ਸੁੱਟਿਆ ਗਿਆ। ਇਜ਼ਰਾਈਲ ਰੱਖਿਆ ਫੋਰਸ (ਆਈ. ਡੀ. ਐੱਫ਼.) ਨੇ ਐਤਵਾਰ ਨੂੰ ਦੱਸਿਆ ਕਿ ਉੱਤਰੀ ਇਜ਼ਰਾਈਲ ’ਚ ਲੇਬਨਾਨ ਤੋਂ ਇਕ ਰਾਕੇਟ ਹਮਲਾ ਕੀਤਾ ਗਿਆ ਅਤੇ ਕਈ ਰਾਕੇਟਸ ਨੂੰ ਇਜ਼ਰਾਈਲ ਦੀ ਆਇਰਨ ਡੋਮ ਮਿਸਾਈਲ ਰੱਖਿਆ ਪ੍ਰਣਾਲੀ ਵੱਲੋਂ ਮਾਰ ਸੁੱਟਿਆ ਗਿਆ। ਲੇਬਨਾਨੀ ਸ਼ੀਆ ਅੰਦੋਲਨ ਹਿਜਬੁੱਲ੍ਹਾ ਨੇ ਦੱਸਿਆ ਕਿ ਉਸ ਨੇ ਉੱਤਰੀ ਇਜ਼ਰਾਈਲ ਦੇ ਬੇਤ ਹਿਲੇਲ ਸ਼ਹਿਰ ਵੱਲ ਰਾਕੇਟ ਦਾਗੇ ਹਨ। ਆਈ. ਡੀ. ਐੱਫ਼. ਨੇ ਦੱਸਿਆ ਕਿ ਹਮਲੇ ਵਿਚ ਕੋਈ ਵੀ ਜ਼ਖਮੀ ਨਹੀਂ ਹੋਇਆ। ਉਸ ਨੇ ਕਿਹਾ ਕਿ ਜਵਾਬੀ ਕਾਰਵਾਈ ’ਚ ਉਸ ਨੇ ਹਿਜਬੁੱਲਾ ਦੇ ਰਾਕੇਟ ਲਾਂਚਰ ’ਤੇ ਹਮਲੇ ਕੀਤੇ। ਇਸ ਤੋਂ ਇਲਾਵਾ ਦੱਖਣੀ ਲਿਬਨਾਨ ਦੇ ਮਰਜਾਯੋਨ ਇਲਾਕੇ ’ਚ ਹੋਰ ਅੱਤਵਾਦੀ ਬੁਨਿਆਦੀ ਢਾਂਚੇ ’ਤੇ ਹਮਲਾ ਕੀਤਾ ਗਿਆ।

# ਪ੍ਰਧਾਨ ਮੰਤਰੀ ਨੇ ਦਿੱਤਾ ਅਸਤੀਫਾ, ਸ਼ੇਖ ਹਸੀਨਾ ਨੇ ਛੱਡਿਆ ਢਾਕਾ



ਬੰਗਲਾਦੇਸ਼ 'ਚ ਭਾਰੀ ਹਿੰਸਾ ਤੋਂ ਬਾਅਦ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਫੌਜ ਮੁਖੀ ਵਕਾਰ-ਉਜ਼-ਜ਼ਮਾਨ ਨੇ ਹਸੀਨਾ ਨੂੰ 45 ਮਿੰਟਾਂ ਦੇ ਅੰਦਰ ਅਸਤੀਫਾ ਦੇਣ ਦਾ ਅਲਟੀਮੇਟਮ ਦਿੱਤਾ ਸੀ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇਸ਼ ਛੱਡ ਕੇ ਸੁਰੱਖਿਅਤ ਸਥਾਨ 'ਤੇ ਚਲੀ ਗਈ ਹੈ। ਪ੍ਰਦਰਸ਼ਨਕਾਰੀ ਸ਼ੇਖ ਹਸੀਨਾ ਦੇ ਘਰ 'ਚ ਦਾਖਲ ਹੋ ਗਏ ਹਨ ਅਤੇ ਭੰਨਤੋੜ ਕਰ ਰਹੇ ਹਨ। ਦੇਸ਼ ਦੇ ਕਈ ਇਲਾਕਿਆਂ ਵਿੱਚ ਜਿੱਤ ਦੇ ਜਸ਼ਨ ਮਨਾਏ ਜਾ ਰਹੇ ਹਨ। ਇਸ ਹਿੰਸਾ ਵਿੱਚ 300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸ਼ੇਖ ਹਸੀਨਾ ਦੇ ਨਾਲ ਉਨ੍ਹਾਂ ਦੀ ਭੈਣ ਵੀ ਢਾਕਾ ਛੱਡ ਗਈ ਹੈ। ਬੰਗਲਾਦੇਸ਼ ਦੇ ਫੌਜ ਮੁਖੀ ਨੇ ਹਸੀਨਾ ਨੂੰ ਕਿਹਾ ਸੀ ਕਿ ਉਹ ਸਨਮਾਨਜਨਕ ਤਰੀਕੇ ਨਾਲ ਸੱਤਾ ਤੋਂ ਅਸਤੀਫਾ ਦੇ ਦੇਵੇ। ਇਸ ਦੌਰਾਨ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਪੁੱਤਰ ਨੇ ਸੁਰੱਖਿਆ ਬਲਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਅਣ-ਚੁਣੀ ਸਰਕਾਰ ਨੂੰ ਸੱਤਾ ਵਿਚ ਆਉਣ ਤੋਂ ਰੋਕਣ। ਫੌਜ ਮੁਖੀ ਰਾਸ਼ਟਰ ਨੂੰ ਸੰਬੋਧਨ ਕਰਨ ਜਾ ਰਹੇ ਹਨ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਐਤਵਾਰ ਨੂੰ ਸ਼ੁਰੂ ਹੋਈ ਹਿੰਸਾ ਵਿੱਚ ਕੁਝ ਘੰਟਿਆਂ ਵਿੱਚ ਹੀ 300 ਲੋਕਾਂ ਦੀ ਮੌਤ ਹੋ ਗਈ ਅਤੇ ਅਰਬਾਂ ਦੀ ਜਾਇਦਾਦ ਨੂੰ ਅੱਗ ਲਾ ਦਿੱਤੀ ਗਈ। ਸਾਰੇ ਵੱਡੇ ਸ਼ਹਿਰਾਂ 'ਚ ਲੱਖਾਂ ਲੋਕ ਸ਼ੇਖ ਹਸੀਨਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਹਨ। ਰਾਜਧਾਨੀ ਢਾਕਾ 'ਤੇ ਪ੍ਰਦਰਸ਼ਨਕਾਰੀਆਂ ਨੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਹੈ ਅਤੇ ਲੱਖਾਂ ਲੋਕ ਪ੍ਰਮੁੱਖ ਚੌਕੀਆਂ 'ਤੇ ਇਕੱਠੇ ਹੋਏ ਹਨ। ਪਿਛਲੇ ਕੁਝ ਦਿਨਾਂ ਵਿੱਚ ਬੰਗਲਾਦੇਸ਼ ਵਿੱਚ ਪ੍ਰਦਰਸ਼ਨਾਂ ਦੌਰਾਨ ਹਿੰਸਾ ਵਿੱਚ 300 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਕਾਰਨ ਦੇਸ਼ ਦੀ ਅਵਾਮੀ ਲੀਗ ਸਰਕਾਰ ਅਤੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸ਼ੱਕ ਦੇ ਘੇਰੇ ਵਿੱਚ ਆ ਗਏ ਹਨ।ਬੰਗਲਾਦੇਸ਼ ਮੀਡੀਆ ਮੁਤਾਬਕ ਦੇਸ਼ ਦੇ ਫੌਜ ਮੁਖੀ ਇਸ ਸਮੇਂ ਦੇਸ਼ ਦੀ ਸਥਿਤੀ 'ਤੇ ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਨਾਲ ਸਲਾਹ-ਮਸ਼ਵਰੇ 'ਚ ਲੱਗੇ ਹੋਏ ਹਨ। ਇਸ ਤੋਂ ਬਾਅਦ ਫੌਜ ਮੁਖੀ ਸੰਬੋਧਨ ਕਰਨਗੇ। ਬੰਗਲਾਦੇਸ਼ ਦੇ ਫੌਜ ਮੁਖੀ ਦਾ ਟੈਲੀਵਿਜ਼ਨ ਸੰਬੋਧਨ ਇਕ ਵਾਰ ਫਿਰ ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਆਰਮੀ ਚੀਫ ਆਪਣੇ ਸੰਬੋਧਨ 'ਚ ਸੱਤਾ ਪਰਿਵਰਤਨ ਦਾ ਐਲਾਨ ਕਰਨਗੇ। ਲੱਖਾਂ ਲੋਕ ਸੜਕਾਂ 'ਤੇ ਹਨ ਅਤੇ ਉਨ੍ਹਾਂ ਨੂੰ ਰੋਕਿਆ ਨਹੀਂ ਜਾ ਰਿਹਾ ਹੈ। ਪਿਛਲੇ ਮਹੀਨੇ, ਢਾਕਾ ਯੂਨੀਵਰਸਿਟੀ ਵਿੱਚ ਵਿਦਿਆਰਥੀ ਕਾਰਕੁਨਾਂ ਦੀ ਬੰਗਲਾਦੇਸ਼ ਵਿੱਚ ਵਿਵਾਦਤ ਕੋਟਾ ਪ੍ਰਣਾਲੀ ਨੂੰ ਲੈ ਕੇ ਪੁਲਸ ਅਤੇ ਸਰਕਾਰ ਪੱਖੀ ਪ੍ਰਦਰਸ਼ਨਕਾਰੀਆਂ ਨਾਲ ਹਿੰਸਕ ਝੜਪ ਹੋਈ ਸੀ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਭੀੜ ਵਧਣ ਲੱਗੀ ਅਤੇ ਹਿੰਸਾ ਸ਼ੁਰੂ ਹੋ ਗਈ। ਜਦੋਂ ਸੁਪਰੀਮ ਕੋਰਟ ਨੇ ਕੋਟਾ ਘਟਾਉਣ ਦਾ ਫੈਸਲਾ ਕੀਤਾ ਤਾਂ ਹਾਲਾਤ ਠੀਕ ਹੁੰਦੇ ਜਾਪਦੇ ਸਨ, ਪਰ ਐਤਵਾਰ ਨੂੰ ਲੱਖਾਂ ਲੋਕ ਹਸੀਨਾ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਸੜਕਾਂ 'ਤੇ ਉਤਰ ਆਏ ਅਤੇ ਗੱਲ ਸ਼ੇਖ ਹਸੀਨਾ ਦੇ ਹੱਥੋਂ ਨਿਕਲ ਗਈ।

# ਪੰਜਾਬੀ ਵਿਦਿਆਰਥੀਆਂ ਨਾਲ ਵਿਤਕਰਾ; ਕੈਨੇਡਾ, ਆਸਟ੍ਰੇਲੀਆ ਨਹੀਂ ਦੇ ਰਿਹੈ ਵੀਜ਼ਾ




ਕੈਨੇਡਾ ਅਤੇ ਆਸਟ੍ਰੇਲੀਆ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਵਿੱਚ ਕੋਤਾਹੀ ਕੀਤੀ ਜਾ ਰਹੀ ਹੈ। ਦਿ ਪ੍ਰਿੰਟ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਉੱਚ ਸਿੱਖਿਆ ਹਾਸਲ ਕਰਨ ਦੇ ਚਾਹਵਾਨ ਪੰਜਾਬ, ਗੁਜਰਾਤ ਅਤੇ ਹਰਿਆਣਾ ਦੇ ਵੀਜ਼ਾ ਬਿਨੈਕਾਰਾਂ ਨੂੰ ਵੱਡੀ ਗਿਣਤੀ ਵਿੱਚ ਰੱਦ ਕੀਤੇ ਜਾਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੇਸ਼ਾਂ ਨੇ ਨਿਯਮ ਸਖ਼ਤ ਕਰ ਦਿੱਤੇ ਹਨ। ਇਸ ਵਿੱਚ ਖਾਸ ਕਰਕੇ ਭਾਰਤ ਦੇ ਕੁਝ ਰਾਜਾਂ ਦੇ ਵਿਦਿਆਰਥੀਆਂ ਨੂੰ ਸਖ਼ਤ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟ ਵਿੱਚ ਮਾਹਿਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਜਿਹੜੇ ਦੇਸ਼ ਮਹਿਸੂਸ ਕਰਦੇ ਹਨ ਕਿ ਭਾਰਤੀ ਪਰਵਾਸ ਕਰਨ ਦੇ ਚਾਹਵਾਨ ਹਨ, ਉਹ ਸਿਸਟਮ ਨਾਲ ਖੇਡ ਰਹੇ ਹਨ ਅਤੇ ਵਿਦਿਆਰਥੀ ਵੀਜ਼ਾ ਦਾ ਆਸਾਨ ਰਸਤਾ ਚੁਣ ਰਹੇ ਹਨ, ਉਹ ਹੀ ਨਿਯਮ ਸਖ਼ਤ ਕਰ ਰਹੇ ਹਨ। ਕੈਨੇਡਾ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਕੈਨੇਡਾ ਵਿੱਚ ਕਾਨੂੰਨੀ ਪ੍ਰਵੇਸ਼ ਤੋਂ ਬਾਅਦ, ਕੋਈ ਵਿਅਕਤੀ ਇਹ ਦਾਅਵਾ ਕਰਦੇ ਹੋਏ ਸ਼ਰਣ ਲਈ ਅਰਜ਼ੀ ਦੇ ਸਕਦਾ ਹੈ ਕਿ ਉਸ ਕੋਲ ਪਾਸਪੋਰਟ ਨਹੀਂ ਹੈ। ਕੈਨੇਡੀਅਨ ਕਾਨੂੰਨ ਸ਼ਰਣ ਮੰਗਣ ਵਾਲਿਆਂ ਨੂੰ ਉਚਿਤ ਦਸਤਾਵੇਜ਼ਾਂ ਤੋਂ ਬਿਨਾਂ ਵਾਪਸ ਜਾਣ ਤੋਂ ਰੋਕਦਾ ਹੈ ਜਦੋਂ ਤੱਕ ਉਨ੍ਹਾਂ ਦੀ ਸ਼ਰਨਾਰਥੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਂਦਾ। ਕੈਨੇਡਾ ਅਤੇ ਆਸਟ੍ਰੇਲੀਆ ਨੂੰ ਆਕਰਸ਼ਕ ਸਥਾਨਾਂ ਵਜੋਂ ਦੇਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਕੋਲ ਯੂ.ਕੇ ਅਤੇ ਅਮਰੀਕਾ ਦੇ ਮੁਕਾਬਲੇ ਆਸਾਨ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਮਾਪਦੰਡ ਹਨ।ਸਿੱਖਿਆ ਅਤੇ ਇਮੀਗ੍ਰੇਸ਼ਨ ਸਲਾਹਕਾਰਾਂ ਨਾਲ ਗੱਲਬਾਤ ਦੇ ਆਧਾਰ 'ਤੇ 'ਦਿ ਪ੍ਰਿੰਟ' ਨੇ ਕਿਹਾ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਵੀਜ਼ਾ ਧੋਖਾਧੜੀ ਦੇ ਵਧਦੇ ਮਾਮਲਿਆਂ ਕਾਰਨ ਇਹ ਬਦਲਾਅ ਹੋਏ ਹਨ। ਯੂਨੀਵਰਸਿਟੀਆਂ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਲਈ ਅਸਵੀਕਾਰ ਦਰਾਂ ਦੀ ਰਿਪੋਰਟ ਨਹੀਂ ਕਰਦੀਆਂ ਪਰ ਯੂ.ਐਸ ਇਮੀਗ੍ਰੇਸ਼ਨ ਫਰਮ EB5BRICS ਦੇ ਮੁਖੀ ਵਿਵੇਕ ਟੰਡਨ ਅਨੁਸਾਰ ਕੈਨੇਡਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਗੁਜਰਾਤ, ਪੰਜਾਬ ਅਤੇ ਹਰਿਆਣਾ ਦੇ ਵਿਦਿਆਰਥੀਆਂ ਵਿੱਚ ਅਸਵੀਕਾਰ ਦਰਾਂ ਦਾ ਇੱਕ ਪੈਟਰਨ ਜਾਪਦਾ ਹੈ ਜਦਕਿ ਆਸਟ੍ਰੇਲੀਆ ਨੇ ਅਤੀਤ ਵਿੱਚ ਵੀ ਪਾਬੰਦੀਆਂ ਲਗਾਈਆਂ ਹਨ। ਕੈਨੇਡਾ ਲਈ ਸਟੂਡੈਂਟ ਵੀਜ਼ਾ ਲੈਣ ਵਾਲੇ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬ ਦੇ ਵਿਦਿਆਰਥੀਆਂ ਦੀ ਹੈ। ਟੰਡਨ ਦਾ ਮੰਨਣਾ ਹੈ ਕਿ 2023 ਵਿੱਚ ਕੈਨੇਡਾ ਵਿੱਚ ਸਵੀਕਾਰ ਕੀਤੇ ਗਏ 2.25 ਲੱਖ ਭਾਰਤੀ ਵਿਦਿਆਰਥੀ ਵੀਜ਼ੇ ਵਿੱਚੋਂ 1.35 ਲੱਖ ਪੰਜਾਬ ਦੇ ਸਨ। ਇਸ ਗੱਲ ਦਾ ਕੋਈ ਅੰਕੜਾ ਨਹੀਂ ਹੈ ਕਿ ਕਿਹੜੇ ਰਾਜ ਵਿੱਚ ਸਭ ਤੋਂ ਵੱਧ ਸਵੀਕ੍ਰਿਤੀ ਦਰ ਹੈ ਪਰ ਇਹ ਦੇਖਦੇ ਹੋਏ ਕਿ ਕੈਨੇਡਾ ਅਤੇ ਆਸਟ੍ਰੇਲੀਆ ਪੰਜਾਬ ਦੀਆਂ ਅਰਜ਼ੀਆਂ ਦੀ ਵਧੇਰੇ ਧਿਆਨ ਨਾਲ ਜਾਂਚ ਕਰ ਰਹੇ ਹਨ, ਇਹ ਮੰਨਿਆ ਜਾ ਸਕਦਾ ਹੈ ਕਿ ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਮਹਾਰਾਸ਼ਟਰ ਵਰਗੇ ਰਾਜਾਂ ਦੇ ਬਿਨੈਕਾਰਾਂ ਨੂੰ ਵਧੇਰੇ ਅਨੁਕੂਲਤਾ ਨਾਲ ਦੇਖਿਆ ਜਾਂਦਾ ਹੈ। ਪਿਛਲੇ ਸਾਲ ਮਈ ਵਿੱਚ ਕਈ ਆਸਟ੍ਰੇਲੀਅਨ ਯੂਨੀਵਰਸਿਟੀਆਂ ਨੇ ਜਾਅਲੀ ਦਸਤਾਵੇਜ਼ਾਂ ਅਤੇ ਉੱਚ ਛੱਡਣ ਦੀ ਦਰ ਦਾ ਹਵਾਲਾ ਦਿੰਦੇ ਹੋਏ ਪੰਜਾਬ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਗੁਜਰਾਤ ਅਤੇ ਜੰਮੂ-ਕਸ਼ਮੀਰ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ ਬੰਦ ਕਰ ਦਿੱਤੀ ਸੀ। ਆਸਟ੍ਰੇਲੀਆ ਦੇ ਗ੍ਰਹਿ ਮਾਮਲਿਆਂ ਦੇ ਵਿਭਾਗ ਨੇ ਭਾਰਤੀ ਵਿਦਿਆਰਥੀਆਂ ਦੀ ਚਾਰ ਵਿੱਚੋਂ ਇੱਕ ਅਰਜ਼ੀ ਨੂੰ 'ਗੈਰ-ਅਸਲ' ਮੰਨਿਆ ਸੀ।

# ਭਾਰਤ ਵਿੱਚ ਭਗਵਾਨ ਸ਼ਿਵ ਦੇ ਜਯੋਤਿਰਲਿੰਗ ਅਤੇ ਹਿੰਦੂ ਧਰਮ ਵਿੱਚ ਉਨ੍ਹਾਂ ਦੀ ਮਿਥਿਹਾਸਕ ਮਹੱਤਤਾ



ਅਰਬ ਸਾਗਰ ਦੇ ਕੰਢੇ 'ਤੇ ਗਿਰ ਸੋਮਨਾਥ, ਗੁਜਰਾਤ ਵਿੱਚ ਸਥਿਤ, 'ਸੋਮਨਾਥ ਮੰਦਿਰ' ਬਾਰਾਂ ਪਵਿੱਤਰ ਜਯੋਤਿਰਲਿੰਗਾਂ ਦੇ ਪਹਿਲੇ ਤੀਰਥਾਂ ਵਿੱਚੋਂ ਇੱਕ ਹੈ। ਭਾਰਤ ਦੇ ਸਾਰੇ ਜਯੋਤਿਰਲਿੰਗਾ ਤੀਰਥਾਂ ਵਿੱਚੋਂ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ, ਇਸ ਮੰਦਰ ਵਿੱਚ ਹਰ ਸਾਲ ਹਜ਼ਾਰਾਂ ਸ਼ਰਧਾਲੂ ਆਉਂਦੇ ਹਨ, ਖਾਸ ਕਰਕੇ ਮਹਾਸ਼ਿਵਰਾਤਰੀ ਦੇ ਮੌਕੇ 'ਤੇ। ਦੰਤਕਥਾ ਇੱਕ ਕਥਾ ਦੇ ਅਨੁਸਾਰ, ਚੰਦਰਮਾ ਦੇਵਤਾ, 'ਸੋਮਦੇਵ' ਦੀਆਂ 27 ਪਤਨੀਆਂ (ਦਕਸ਼ ਪ੍ਰਜਾਪਤੀ ਦੀਆਂ ਧੀਆਂ) ਸਨ, ਉਨ੍ਹਾਂ ਵਿੱਚੋਂ ਉਹ ਸਿਰਫ ਰੋਹਿਣੀ ਨੂੰ ਪਿਆਰ ਕਰਦਾ ਸੀ ਅਤੇ ਬਾਕੀ ਸਾਰੀਆਂ ਪਤਨੀਆਂ ਨੂੰ ਨਜ਼ਰਅੰਦਾਜ਼ ਕਰਦਾ ਸੀ। ਇਹ ਦੇਖ ਕੇ ਦਕਸ਼ ਪ੍ਰਜਾਪਤੀ ਨੇ ਚੰਦਰਮਾ ਦੇਵਤਾ ਨੂੰ ਰਾਤ ਦੇ ਹਨੇਰੇ ਦੁਆਰਾ ਉਸਦੀ ਚਮਕ ਨੂੰ ਭਸਮ ਕਰਨ ਲਈ ਸਰਾਪ ਦਿੱਤਾ। ਦੁਖੀ ਹੋਏ, ਚੰਦਰਮਾ ਭਗਵਾਨ ਨੇ 4000 ਸਾਲਾਂ ਤੋਂ ਭਗਵਾਨ ਸ਼ਿਵ ਦੇ ਜਯੋਤਿਰਲਿੰਗ ਨੂੰ ਉਸ ਸਥਾਨ 'ਤੇ ਪ੍ਰਾਰਥਨਾ ਕੀਤੀ ਜਿੱਥੇ ਅੱਜ ਸੋਮਨਾਥ ਮੰਦਰ ਸਥਿਤ ਹੈ। ਚੰਦਰਮਾ ਦੀ ਭਗਤੀ ਤੋਂ ਖੁਸ਼ ਹੋ ਕੇ, ਭਗਵਾਨ ਸ਼ਿਵ ਨੇ ਉਸਨੂੰ ਇੱਕ ਮਹੀਨੇ ਵਿੱਚ ਸਿਰਫ 15 ਦਿਨ ਚਮਕ ਵਿੱਚ ਡੁੱਬਣ ਦਾ ਆਸ਼ੀਰਵਾਦ ਦਿੱਤਾ। ਆਪਣੀ ਚਮਕ ਮੁੜ ਪ੍ਰਾਪਤ ਕਰਨ ਤੋਂ ਬਾਅਦ, ਚੰਦਰਮਾ ਭਗਵਾਨ ਨੇ ਭਗਵਾਨ ਸ਼ਿਵ ਦੇ ਸ਼ੁਕਰਗੁਜ਼ਾਰ ਵਜੋਂ ਇਸ ਮੰਦਰ ਨੂੰ ਬਣਾਇਆ। ਕਿਹਾ ਜਾਂਦਾ ਹੈ ਕਿ ਭਗਵਾਨ ਬ੍ਰਹਮਾ ਨੇ ਚੰਦਰਮਾ ਦੇਵਤਾ ਨੂੰ ਭਗਵਾਨ ਸ਼ਿਵ ਲਈ ਮੰਦਰ ਬਣਾਉਣ ਲਈ ਕਿਹਾ ਸੀ। ਮੰਨਿਆ ਜਾਂਦਾ ਹੈ ਕਿ ਇਹ ਮੰਦਰ 320 ਤੋਂ 500 ਈਸਵੀ ਦੇ ਵਿਚਕਾਰ ਬਣਾਇਆ ਗਿਆ ਸੀ। ਅਸਲ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਇਹ ਸ਼ੁੱਧ ਸੋਨੇ ਅਤੇ ਚਾਂਦੀ ਦਾ ਬਣਿਆ ਹੋਇਆ ਹੈ, ਇਸ ਮੰਦਰ ਨੇ ਵੱਖ-ਵੱਖ ਸਮੇਂ ਦੌਰਾਨ ਅਰਬ ਅਤੇ ਅਫਗਾਨੀ ਹਮਲਾਵਰਾਂ ਅਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਭਾਰੀ ਤਬਾਹੀ ਦੇਖੀ। ਆਓ ਥੋੜ੍ਹਾ ਡੂੰਘਾ ਖੋਦੀਏ ਇਨ੍ਹਾਂ ਹਮਲਿਆਂ ਨੇ ਮੰਦਰ ਦੀ ਸਾਰੀ ਦੌਲਤ ਨੂੰ ਖੋਹ ਲਿਆ। ਇਨ੍ਹਾਂ ਸਾਰੇ ਹਮਲਿਆਂ ਅਤੇ ਵਿਨਾਸ਼ਾਂ ਤੋਂ ਬਾਅਦ ਵੀ, ਇਸ ਪਵਿੱਤਰ ਅਸਥਾਨ ਦੀ ਸ਼ਾਨ ਅਛੂਤ ਰਹੀ। 1947 ਵਿੱਚ, ਸਰਦਾਰ ਵੱਲਭਭਾਈ ਪਟੇਲ ਦੇ ਹੁਕਮਾਂ 'ਤੇ ਮੰਦਰ ਨੂੰ ਬਹਾਲ ਕੀਤਾ ਗਿਆ ਸੀ ਅਤੇ ਉਸ ਸਮੇਂ ਦੇ ਰਾਸ਼ਟਰਪਤੀ ਡਾ: ਰਾਜੇਂਦਰ ਪ੍ਰਸਾਦ ਦੁਆਰਾ ਜਯੋਤਿਰਲਿੰਗ ਦੀ ਸਥਾਪਨਾ ਕੀਤੀ ਗਈ ਸੀ।



1234 ਈਸਵੀ ਦੇ ਆਸਪਾਸ, ਹੋਯਸਾਲਾ ਰਾਜਾ, ਵੀਰ ਨਰਸਿਮਹਾ ਦੁਆਰਾ ਬਣਾਇਆ ਗਿਆ, ਮੱਲਿਕਾਰਜੁਨ ਦਾ ਇਹ ਪ੍ਰਾਚੀਨ ਮੰਦਿਰ ਅਜੇ ਵੀ ਮਾਣ ਵਿੱਚ ਖੜ੍ਹਾ ਹੈ, ਇਸਦੇ ਬ੍ਰਹਮ ਤੱਤ ਅਤੇ ਸ਼ਾਨਦਾਰ ਦ੍ਰਾਵਿੜ ਸ਼ੈਲੀ ਦੇ ਆਰਕੀਟੈਕਚਰ ਦੁਆਰਾ ਸ਼ਰਧਾਲੂਆਂ ਦੇ ਦਿਲਾਂ ਨੂੰ ਮੋਹ ਲੈਂਦਾ ਹੈ। ਇਹ ਭਗਵਾਨ ਸ਼ਿਵ ਨੂੰ ਸਮਰਪਿਤ ਪੂਜਾ ਦੇ ਸਭ ਤੋਂ ਸ਼ਾਨਦਾਰ ਸਥਾਨਾਂ ਵਿੱਚੋਂ ਇੱਕ ਹੈ। ਇਹ ਮੰਦਰ ਆਂਧਰਾ ਪ੍ਰਦੇਸ਼ ਦੇ ਸ਼੍ਰੀਸੈਲਮ ਵਿੱਚ ਇੱਕ ਪਹਾੜੀ ਉੱਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਸ਼ਿਵ ਦਾ ਅਸਥਾਨ ਮਹਾਂਭਾਰਤ ਦੇ ਪਾਂਡਵਾਂ ਵਿੱਚੋਂ ਇੱਕ ਅਰਜੁਨ ਦੁਆਰਾ ਸਥਾਪਿਤ ਕੀਤਾ ਗਿਆ ਸੀ। ਨੇੜੇ ਕੁੰਬਲਾ ਨਦੀ ਇਸ ਸਥਾਨ ਦੇ ਆਰਾਮਦਾਇਕ ਮਾਹੌਲ ਅਤੇ ਸੁੰਦਰਤਾ ਨੂੰ ਵਧਾਉਂਦੀ ਹੈ। ਮੰਦਰ ਨੂੰ ਸਾਰੇ ਸੁੰਦਰ ਕੰਧ ਮੂਰਤੀਆਂ ਅਤੇ ਨੱਕਾਸ਼ੀ ਨਾਲ ਸਜਾਇਆ ਗਿਆ ਹੈ ਜੋ ਰਾਮਾਇਣ ਅਤੇ ਮਹਾਭਾਰਤ ਦੇ ਦ੍ਰਿਸ਼ਾਂ ਨੂੰ ਦਰਸਾਉਂਦੇ ਹਨ। ਮੰਦਰ ਦੀਆਂ ਸ਼ਾਨਦਾਰ ਮੂਰਤੀਆਂ ਉਸ ਸਮੇਂ ਦੇ ਹੋਯਸਾਲਾ ਕਾਰੀਗਰਾਂ ਦੇ ਸ਼ਾਨਦਾਰ ਮੂਰਤੀ ਕਲਾ ਨੂੰ ਦਰਸਾਉਂਦੀਆਂ ਹਨ। ਇਸ ਮੰਦਰ ਵਿੱਚ ਹਰ ਸ਼ਾਮ ਯਕਸ਼ਗਾਨ ਪ੍ਰਦਰਸ਼ਨ ਸਭ ਤੋਂ ਮਨਮੋਹਕ ਦ੍ਰਿਸ਼ਾਂ ਵਿੱਚੋਂ ਇੱਕ ਹੈ। ਦੰਤਕਥਾ ਸ਼ਿਵ ਪੁਰਾਣ ਦੇ ਅਨੁਸਾਰ, ਭਗਵਾਨ ਸ਼ਿਵ ਨੇ ਇੱਥੇ ਕ੍ਰੌਂਚਾ ਪਹਾੜ 'ਤੇ ਜਯੋਤਿਰਲਿੰਗ ਦਾ ਰੂਪ ਧਾਰਿਆ ਸੀ, ਜਦੋਂ ਉਹ ਆਪਣੀ ਪਤਨੀ, ਦੇਵੀ ਪਾਰਵਤੀ ਦੇ ਨਾਲ ਆਪਣੇ ਛੋਟੇ ਭਰਾ, ਭਗਵਾਨ ਗਣੇਸ਼ ਦੇ ਵਿਆਹ ਦੇ ਕਾਰਨ ਆਪਣੇ ਗੁੱਸੇ ਨੂੰ ਦੂਰ ਕਰਨ ਲਈ ਉਨ੍ਹਾਂ ਦੇ ਪੁੱਤਰ, ਕਾਰਤੀਕੇਯ ਨੂੰ ਮਿਲਣ ਗਏ ਸਨ। , ਉਸ ਦੇ ਅੱਗੇ. ਮੰਦਰ ਮੱਲਿਕਾਰਜੁਨ (ਭਗਵਾਨ ਸ਼ਿਵ) ਅਤੇ ਭਰਮਾਰੰਭਾ (ਦੇਵੀ ਪਾਰਵਤੀ) ਦੇ ਦੇਵਤਿਆਂ ਦਾ ਗਠਨ ਕਰਦਾ ਹੈ। ਇਹ ਇਕਲੌਤਾ ਮੰਦਰ ਹੈ ਜਿੱਥੇ ਸ਼ਰਧਾਲੂ ਮੂਰਤੀਆਂ ਨੂੰ ਛੂਹ ਸਕਦੇ ਹਨ, ਜਿਸ ਦੀ ਕਿਸੇ ਹੋਰ ਸ਼ਿਵ ਮੰਦਰ ਵਿਚ ਇਜਾਜ਼ਤ ਨਹੀਂ ਹੈ।



ਕਸ਼ਪਰਾ ਨਦੀ ਦੇ ਕੰਢੇ ਮੱਧ ਪ੍ਰਦੇਸ਼ ਦੇ ਇਤਿਹਾਸਕ ਸ਼ਹਿਰ ਉਜੈਨ ਵਿੱਚ ਸਥਿਤ, ਮਹਾਕਾਲੇਸ਼ਵਰ ਮੰਦਿਰ, ਬਾਰਾਂ ਪਵਿੱਤਰ ਜਯੋਤਿਰਲਿੰਗਾਂ ਵਿੱਚੋਂ ਇੱਕ ਦਾ ਘਰ ਹੋਣ ਤੋਂ ਇਲਾਵਾ, ਭਾਰਤ ਦੇ ਚੋਟੀ ਦੇ 'ਤੰਤਰ ਮੰਦਰਾਂ' ਵਿੱਚੋਂ ਇੱਕ ਹੈ। ਇਸ ਮੰਦਿਰ ਦੀ ਮੁੱਖ ਵਿਸ਼ੇਸ਼ਤਾ ਇਸਦੀ 'ਭਸਮ-ਆਰਤੀ' ਹੈ ਜੋ ਸਵੇਰੇ ਕੀਤੀ ਜਾਣ ਵਾਲੀ ਪਹਿਲੀ ਰਸਮ ਹੈ ਜਿਸ ਦੌਰਾਨ ਸ਼ਿਵਲਿੰਗ ਨੂੰ ਤਾਜ਼ਾ ਅੰਤਿਮ-ਸੰਸਕਾਰ ਚਿਤਾ ਤੋਂ ਲਈਆਂ ਗਈਆਂ ਅਸਥੀਆਂ ਨਾਲ ਇਸ਼ਨਾਨ ਕੀਤਾ ਜਾਂਦਾ ਹੈ। ਦੁਨੀਆ ਭਰ ਤੋਂ ਹਜ਼ਾਰਾਂ ਸ਼ਰਧਾਲੂ ਖਾਸ ਤੌਰ 'ਤੇ ਸਾਵਣ ਦੇ ਮਹੀਨੇ ਅਤੇ ਨਾਗ ਪੰਚਮੀ 'ਤੇ ਇਸ ਮੰਦਰ ਦੇ ਦਰਸ਼ਨ ਕਰਦੇ ਹਨ। ਦੰਤਕਥਾ ਮਹਾਕਾਲੇਸ਼ਵਰ ਮੰਦਿਰ ਦੇ ਪਿੱਛੇ ਬਹੁਤ ਸਾਰੀਆਂ ਮਿਥਿਹਾਸਕ ਕਹਾਣੀਆਂ ਹਨ ਪਰ, ਜੋ ਕਿ ਅਕਸਰ ਸੁਣਨ ਨੂੰ ਮਿਲਦੀ ਹੈ ਉਹ ਇਹ ਹੈ ਕਿ ਭਗਵਾਨ ਸ਼ਿਵ ਦੂਸ਼ਨ ਨਾਮਕ ਦੈਂਤ ਨੂੰ ਜਿੱਤਣ ਲਈ ਉਜੈਨ ਵਿੱਚ ਧਰਤੀ ਤੋਂ ਪ੍ਰਗਟ ਹੋਏ ਸਨ, ਜਿਸ ਦੇ ਉਜੈਨ ਸ਼ਹਿਰ ਦੇ ਲੋਕਾਂ ਅਤੇ ਬ੍ਰਾਹਮਣਾਂ ਉੱਤੇ ਤਸ਼ੱਦਦ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। . ਦੈਂਤ ਨੂੰ ਮਾਰਨ ਤੋਂ ਬਾਅਦ, ਭਗਵਾਨ ਸ਼ਿਵ ਨੇ ਜਯੋਤਿਰਲਿੰਗ ਦਾ ਰੂਪ ਧਾਰਿਆ ਅਤੇ ਉਦੋਂ ਤੋਂ, ਉਹ ਇਸ ਪਵਿੱਤਰ ਨਗਰੀ ਵਿੱਚ ਆਪਣੇ ਪਵਿੱਤਰ ਆਸ਼ੀਰਵਾਦ ਦੀ ਵਰਖਾ ਕਰ ਰਹੇ ਹਨ।



12 ਸ਼ਿਵ ਜਯੋਤਿਰਲਿੰਗਾਂ ਵਿੱਚੋਂ, ਝਾਰਖੰਡ ਵਿੱਚ ਬੈਦਿਆਨਾਥ ਧਾਮ ਨਾਲ ਕਈ ਕਥਾਵਾਂ ਜੁੜੀਆਂ ਹੋਈਆਂ ਹਨ। ਇਹ ਮੰਦਿਰ ਕੰਪਲੈਕਸ ਸੰਥਾਲ ਪਰਗਨਾ ਡਿਵੀਜ਼ਨ ਦੇ ਦੇਵਘਰ ਵਿੱਚ ਸਥਿਤ ਹੈ, 21 ਮੰਦਰਾਂ ਦੀ ਮੌਜੂਦਗੀ ਨਾਲ ਸ਼ਿੰਗਾਰਿਆ ਗਿਆ ਹੈ। ਇੱਥੇ ਮੌਜੂਦ ਪਵਿੱਤਰ ਸ਼ਿਵਲਿੰਗ ਨੂੰ ਕੀਮਤੀ ਰਤਨਾਂ ਨਾਲ ਸਜਾਇਆ ਗਿਆ ਹੈ। ਇਹ ਨਾ ਸਿਰਫ਼ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ, ਸਗੋਂ ਇੱਕ ਪ੍ਰਮੁੱਖ ਸ਼ਕਤੀਪੀਠ ਵੀ ਹੈ, ਜਿੱਥੇ ਦੇਵੀ ਸ਼ਕਤੀ ਦੇ ਸਰੀਰ ਦੇ ਅੰਗ ਡਿੱਗੇ ਸਨ। ਕਿਹਾ ਜਾਂਦਾ ਹੈ ਕਿ ਮੁਗਲ ਸ਼ਾਸਨ ਦੌਰਾਨ ਅੰਬਰ ਦੇ ਸ਼ਾਸਕ ਰਾਜਾ ਮਾਨ ਸਿੰਘ ਨੇ ਇੱਥੇ ਇੱਕ ਤਾਲਾਬ ਬਣਾਇਆ ਸੀ ਜਿਸ ਨੂੰ ਮਾਨਸਰੋਵਰ ਕਿਹਾ ਜਾਂਦਾ ਹੈ। ਮੰਦਰ ਦਾ ਪਿਰਾਮਿਡ ਟਾਵਰ 72 ਫੁੱਟ ਉੱਚਾ ਹੈ। ਚੰਦਰਕਾਂਤਾ ਮਨੀ ਵਜੋਂ ਜਾਣਿਆ ਜਾਂਦਾ ਅੱਠ ਪੱਤੀਆਂ ਵਾਲਾ ਕਮਲ ਦੇਖਣ ਲਈ ਸਭ ਤੋਂ ਸੁੰਦਰ ਦ੍ਰਿਸ਼ ਹੈ। ਭਗਵਾਨ ਸ਼ਿਵ ਵੈਦਿਆ ਦੇ ਰੂਪ ਵਿੱਚ - (ਡਾਕਟਰ) ਇੱਥੇ ਇੱਕ ਪ੍ਰਸਿੱਧ ਕਥਾ ਦੱਸਦੀ ਹੈ ਕਿ ਇਹ ਉਹ ਸਥਾਨ ਹੈ ਜਿੱਥੇ ਰਾਵਣ ਨੇ ਭਗਵਾਨ ਸ਼ਿਵ ਦੀ ਕਿਰਪਾ ਪ੍ਰਾਪਤ ਕਰਨ ਲਈ ਆਪਣੇ ਦਸ ਸਿਰਾਂ ਦੀ ਬਲੀ ਦਿੱਤੀ ਸੀ। ਸਿਰਾਂ ਨੂੰ ਫਿਰ ਭਗਵਾਨ ਸ਼ਿਵ ਦੁਆਰਾ ਜੋੜਿਆ ਗਿਆ, ਜਿਸ ਨੇ ਵੈਦਿਆ (ਡਾਕਟਰ) ਦੀ ਤਰ੍ਹਾਂ ਕੰਮ ਕੀਤਾ, ਅਤੇ ਇਸ ਤਰ੍ਹਾਂ, ਸਥਾਨ ਦਾ ਨਾਮ ਬੈਦਯਨਾਥ ਧਾਮ ਰੱਖਿਆ ਗਿਆ। ਇੱਕ ਪ੍ਰਸਿੱਧ ਵਿਸ਼ਵਾਸ ਇਹ ਦਾਅਵਾ ਕਰਦਾ ਹੈ ਕਿ ਇਸ ਮੰਦਰ ਵਿੱਚ ਪ੍ਰਾਰਥਨਾ ਕਰਨ ਨਾਲ ਸ਼ਰਧਾਲੂ ਇੱਕ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਪ੍ਰਦਾਨ ਕਰਦੇ ਹਨ। ਮਾਨਸੂਨ ਦੇ ਮਹੀਨਿਆਂ (ਜੁਲਾਈ ਅਤੇ ਅਗਸਤ) ਦੌਰਾਨ ਸਾਲਾਨਾ ਮੇਲਾ, ਇਸ ਮੰਦਰ ਵਿੱਚ ਬਹੁਤ ਸਾਰੇ ਸ਼ਰਧਾਲੂਆਂ ਨੂੰ ਲਿਆਉਂਦਾ ਹੈ। ਪਾਰਲੀ ਵੈਦਿਆਨਾਥ, ਪਵਿੱਤਰ ਅਤੇ ਬ੍ਰਹਮ ਵੀ! ਵਿਸ਼ਵਾਸੀਆਂ ਵਿੱਚ ਇੱਕ ਮਾਮੂਲੀ ਵਿਵਾਦ ਹੈ, ਕਿਉਂਕਿ ਉਨ੍ਹਾਂ ਵਿੱਚੋਂ ਕੁਝ ਮਹਾਰਾਸ਼ਟਰ ਵਿੱਚ 'ਪਾਰਲੀ ਵੈਦਿਆਨਾਥ ਮੰਦਰ' ਨੂੰ 12 ਜਯੋਤਿਰਲਿੰਗਾਂ ਵਿੱਚੋਂ ਇੱਕ ਮੰਨਦੇ ਹਨ। ਇਸ ਤਰ੍ਹਾਂ ਮਹਾਰਾਸ਼ਟਰ ਦੇ ਛੋਟੇ ਜਿਹੇ ਪਿੰਡ ਪਰਾਲੀ ਵਿੱਚ ਸਥਿਤ ਇਸ ਪਵਿੱਤਰ ਮੰਦਿਰ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਮੰਨਿਆ ਜਾਂਦਾ ਹੈ ਕਿ ਇਸ ਖਾਸ ਮੰਦਰ ਨੂੰ ਰਾਣੀ ਅਹਿਲਿਆ ਬਾਈ ਦੁਆਰਾ 1776 ਵਿੱਚ ਪਹਾੜੀ ਸ਼੍ਰੇਣੀ - ਮੇਰੂ ਜਾਂ ਨਾਗਾ ਨਰਾਇਣ ਦੀਆਂ ਢਲਾਣਾਂ 'ਤੇ ਦੁਬਾਰਾ ਬਣਾਇਆ ਗਿਆ ਸੀ। ਪਾਰਲੀ ਪਿੰਡ ਬਹੁਤ ਪ੍ਰਾਚੀਨ ਹੈ ਅਤੇ ਇਸਨੂੰ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ - ਕਾਂਤੀਪੁਰ, ਮੱਧਰੇਖਾ ਵੈਜਯੰਤੀ ਜਾਂ ਜੈਅੰਤੀ। ਹਰੀਹਰ ਤੀਰਥ ਦੀ ਮੌਜੂਦਗੀ ਕਾਰਨ ਪਰਾਲੀ ਨਾ ਸਿਰਫ ਭਗਵਾਨ ਸ਼ਿਵ ਦੇ ਸ਼ਰਧਾਲੂਆਂ ਲਈ, ਬਲਕਿ ਭਗਵਾਨ ਵਿਸ਼ਨੂੰ ਦੇ ਸ਼ਰਧਾਲੂਆਂ ਲਈ ਵੀ ਇੱਕ ਤੀਰਥ ਸਥਾਨ ਹੈ, ਜਿੱਥੋਂ ਹਰ ਰੋਜ਼ ਬੈਦਿਆਨਾਥ ਮੰਦਰ ਵਿੱਚ ਭਗਵਾਨ ਸ਼ਿਵ ਦੀ ਪੂਜਾ ਕਰਨ ਲਈ ਪਾਣੀ ਲਿਆਇਆ ਜਾਂਦਾ ਹੈ। ਮਹਾਂਸ਼ਿਵਰਾਤਰੀ, ਵੈਕੁੰਠ ਚਤੁਰਦਸ਼ੀ ਅਤੇ ਵਿਜੇਦਸ਼ਮੀ ਦੇ ਤਿਉਹਾਰਾਂ ਦੌਰਾਨ ਪਰਾਲੀ ਵਿੱਚ ਵੱਡੇ ਜਸ਼ਨ ਹੁੰਦੇ ਹਨ। ਇਨ੍ਹਾਂ ਜਸ਼ਨਾਂ ਵਿੱਚ ਹਿੱਸਾ ਲੈਣ ਲਈ ਦੇਸ਼ ਭਰ ਤੋਂ ਸ਼ਰਧਾਲੂ ਵੱਡੀ ਗਿਣਤੀ ਵਿੱਚ ਇੱਥੇ ਇਕੱਠੇ ਹੁੰਦੇ ਹਨ। ਦੰਤਕਥਾ ਹੈ, ਜਦੋਂ ਦੇਵਤੇ ਅਤੇ ਦੈਂਤ ਬ੍ਰਹਮ ਅੰਮ੍ਰਿਤ/ਅੰਮ੍ਰਿਤ ਲਈ ਸਮੁੰਦਰ ਰਿੜਕ ਰਹੇ ਸਨ, ਅੰਮ੍ਰਿਤ ਅਤੇ ਧਨਵੰਤਰੀ ਸਮੇਤ ਚੌਦਾਂ ਰਤਨ ਨਿਕਲੇ। ਅਤੇ ਜਿਵੇਂ ਭੂਤ ਅੰਮ੍ਰਿਤ ਛਕਣ ਹੀ ਵਾਲੇ ਸਨ, ਭਗਵਾਨ ਵਿਸ਼ਨੂੰ ਨੇ ਧਨਵੰਤਰੀ ਅਤੇ ਅੰਮ੍ਰਿਤ ਦੋਹਾਂ ਨੂੰ ਚੁੱਕ ਕੇ ਸ਼ਿਵਲਿੰਗ ਦੇ ਅੰਦਰ ਛੁਪਾ ਦਿੱਤਾ। ਜਦੋਂ ਭੂਤਾਂ ਨੇ ਲਿੰਗ ਨੂੰ ਤੋੜਨ ਦੀ ਕੋਸ਼ਿਸ਼ ਕੀਤੀ, ਤਾਂ ਇਸ ਵਿੱਚੋਂ ਇੱਕ ਚਮਕਦਾਰ ਰੋਸ਼ਨੀ ਨਿਕਲੀ ਜਿਸ ਨੇ ਭੂਤਾਂ ਨੂੰ ਡਰਾ ਦਿੱਤਾ ਜੋ ਫਿਰ ਭੱਜ ਗਏ। ਉਦੋਂ ਤੋਂ ਇਹ ਸਥਾਨ ਪਾਰਲੀ ਵੈਦਿਆਨਾਥ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

ਛੇਵਾਂ ਜੋਤਿਰਲਿੰਗ, ਭੀਮਾਸ਼ੰਕਰ ਮੰਦਿਰ ਅਸਮਾਨ ਸ਼ਾਨ ਦਾ ਦ੍ਰਿਸ਼ ਹੈ। ਇਹ ਮਹਾਰਾਸ਼ਟਰ ਵਿੱਚ ਪੁਣੇ ਦੇ ਨੇੜੇ ਸਹਿਯਾਦਰੀ ਪਹਾੜੀਆਂ ਦੇ ਵਿਚਕਾਰ ਇੱਕ ਛੋਟੇ ਜਿਹੇ ਪਿੰਡ ਭੋਰਗਿਰੀ ਵਿੱਚ ਸਥਿਤ ਹੈ। 'ਭੀਮਾਸ਼ੰਕਰ ਮੰਦਿਰ' ਦੀ ਮੌਜੂਦਗੀ ਦੇ ਕਾਰਨ ਇਹ ਸਥਾਨ ਬਹੁਤ ਧਾਰਮਿਕ ਮਹੱਤਵ ਰੱਖਦਾ ਹੈ, ਜੋ ਕਿ ਭਗਵਾਨ ਸ਼ਿਵ ਦੇ ਇੱਕ ਹੋਰ ਪਵਿੱਤਰ ਜਯੋਤਿਰਲਿੰਗ ਦਾ ਘਰ ਹੈ। ਮੰਦਰ ਦਾ ਗਰਬਾ ਗ੍ਰਹਿ ਇਸਦੀ ਨਗਾਰਾ (ਇੰਡੋ ਆਰੀਅਨ ਆਰਕੀਟੈਕਚਰ) ਸ਼ੈਲੀ ਵਿੱਚ ਰਾਜਸਥਾਨੀ ਅਤੇ ਗੁਜਰਾਤੀ ਪ੍ਰਭਾਵਾਂ ਦਾ ਇੱਕ ਸੁੰਦਰ ਮਿਸ਼ਰਣ ਹੈ। ਮੰਦਰ ਦੀਆਂ ਬਾਹਰਲੀਆਂ ਕੰਧਾਂ ਸ਼ਿਵ ਲੀਲਾ, ਕ੍ਰਿਸ਼ਨ ਲੀਲਾ, ਰਾਮਾਇਣ ਅਤੇ ਮਹਾਂਭਾਰਤ ਦੇ ਦ੍ਰਿਸ਼ਾਂ ਨੂੰ ਦਰਸਾਉਂਦੀਆਂ ਹਨ। ਪੂਜਾ ਦਾ ਇਹ ਮਨਮੋਹਕ ਹਿੱਸਾ 18ਵੀਂ ਸਦੀ ਵਿੱਚ ਨਾਨਾ ਫੜਨਵੀਸ ਦੁਆਰਾ ਬਣਾਇਆ ਗਿਆ ਸੀ। ਸ਼ਿਵਰਾਤਰੀ ਅਤੇ ਮਹਾਂ ਸ਼ਿਵਰਾਤਰੀ ਦੇ ਤਿਉਹਾਰਾਂ ਦੌਰਾਨ ਇੱਥੇ ਹਜ਼ਾਰਾਂ ਸ਼ਰਧਾਲੂ ਆਉਂਦੇ ਹਨ। ਮਿਥਿਹਾਸ ਤੋਂ ਕਹਾਣੀ ਹਿੰਦੂ ਪੁਰਾਣਾਂ ਦੇ ਅਨੁਸਾਰ, ਭਗਵਾਨ ਸ਼ਿਵ ਨੇ ਤ੍ਰਿਪੁਰਾਸੁਰਾ ਨਾਮਕ ਇੱਕ ਦੁਸ਼ਟ ਦੈਂਤ ਨੂੰ ਮਾਰਨ ਲਈ ਇੱਕ ਰੁਦਰ ਅਵਤਾਰ ਲਿਆ, ਜੋ ਤਿੰਨ ਲੋਕ: ਸਵਰਗ, ਨਰਕ ਅਤੇ ਪਾਤਾਲ (ਪਾਤਾਲ) ਨੂੰ ਤਬਾਹ ਕਰਨ ਦੇ ਗੁੱਸੇ ਵਿੱਚ ਸੀ। ਦੈਂਤ ਨੂੰ ਮਾਰਨ ਤੋਂ ਬਾਅਦ, ਭਗਵਾਨ ਕੁਝ ਆਰਾਮ ਕਰਨ ਲਈ ਸਹਿਆਦਰੀ ਪਰਬਤ 'ਤੇ ਬੈਠ ਗਏ। ਇਹ ਉਦੋਂ ਹੈ, ਜਦੋਂ ਉਸ ਦੇ ਸਰੀਰ ਵਿੱਚੋਂ ਪਸੀਨਾ ਵਹਿ ਕੇ ਭੀਮਾ ਨਦੀ ਵਿੱਚ ਬਦਲ ਗਿਆ। ਦੇਵਤਿਆਂ ਦੀ ਬੇਨਤੀ 'ਤੇ, ਭਗਵਾਨ ਸ਼ਿਵ ਜਯੋਤਿਰਲਿੰਗ ਦੇ ਰੂਪ ਵਿਚ ਇਨ੍ਹਾਂ ਪਹਾੜਾਂ 'ਤੇ ਠਹਿਰੇ ਸਨ। ਹਾਈਲਾਈਟਸ 'ਗੁਪਤ ਭੀਮਾਸ਼ੰਕਰ', 'ਹਨੂਮਾਨ ਝੀਲ' ਅਤੇ 'ਮੋਕਸ਼ਕੁੰਡ ਤੀਰਥ' ਅਤੇ 'ਕਮਲਜਾ ਮਾਤਾ ਮੰਦਰ' ਭੀਮਾਸ਼ੰਕਰ ਦੇ ਆਲੇ-ਦੁਆਲੇ ਦੇ ਕੁਝ ਹੋਰ ਧਾਰਮਿਕ ਸਥਾਨ ਹਨ।





ਤਾਮਿਲਨਾਡੂ ਵਿੱਚ ਸਥਿਤ ਰਾਮੇਸ਼ਵਰਮ ਦਾ ਪਵਿੱਤਰ ਸ਼ਹਿਰ ਹਿੰਦੂਆਂ ਲਈ ਇੱਕ ਮਹਾਨ ਧਾਰਮਿਕ ਮਹੱਤਵ ਰੱਖਦਾ ਹੈ ਅਤੇ ਇਸਨੂੰ 'ਚਾਰ ਧਾਮ' ਤੀਰਥ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇੱਥੇ ਦਾ 'ਰਾਮਨਾਥਸਵਾਮੀ ਮੰਦਿਰ' ਬਾਰਾਂ ਪਵਿੱਤਰ ਜਯੋਤਿਰਲਿੰਗਾਂ ਵਿੱਚੋਂ ਇੱਕ ਦਾ ਘਰ ਹੈ। ਮੰਦਰ ਸ਼ਾਨਦਾਰ ਆਰਕੀਟੈਕਚਰ ਦਾ ਇੱਕ ਸ਼ਾਨਦਾਰ ਨਮੂਨਾ ਹੈ। ਸ਼ਾਨਦਾਰ ਟਾਵਰ, ਮੂਰਤੀ ਵਾਲੇ ਥੰਮ੍ਹ, ਸ਼ਾਨਦਾਰ ਗਲਿਆਰੇ ਤੁਹਾਡੇ ਦਿਲ ਨੂੰ ਪੂਰੀ ਤਰ੍ਹਾਂ ਨਾਲ ਉਡਾ ਦੇਣਗੇ। ਰਾਮਨਾਥਸਵਾਮੀ ਮੰਦਿਰ ਭਗਵਾਨ ਸ਼ਿਵ ਲਈ ਭਗਵਾਨ ਰਾਮ ਦੀ ਕਦੇ ਨਾ ਖ਼ਤਮ ਹੋਣ ਵਾਲੀ ਆਸਥਾ ਦਾ ਥੰਮ ਹੈ। ਇਸ ਤੱਥ ਦੀ ਗਵਾਹੀ ਰਾਮਨਾਥਸਵਾਮੀ ਨਾਮ ਹੈ ਜਿਸਦਾ ਅਰਥ ਹੈ ਰਾਮ ਦਾ ਮਾਲਕ। ਕਿਹਾ ਜਾਂਦਾ ਹੈ ਕਿ ਰਾਮੇਸ਼ਵਰਮ ਨੂੰ ਲੰਕਾ ਤੋਂ ਵਾਪਸ ਆਉਣ ਤੋਂ ਬਾਅਦ ਭਗਵਾਨ ਸ਼ਿਵ ਦੀ ਪੂਜਾ ਕਰਕੇ ਭਗਵਾਨ ਰਾਮ ਦੁਆਰਾ ਪਵਿੱਤਰ ਕੀਤਾ ਗਿਆ ਸੀ, ਜਿਸ ਨੇ ਆਪਣੀ ਪਤਨੀ ਦੇਵੀ ਸੀਤਾ ਨੂੰ ਅਗਵਾ ਕਰਨ ਲਈ ਰਾਵਣ ਨੂੰ ਮਾਰਿਆ ਸੀ। ਆਪਣੇ ਪਾਪਾਂ ਦਾ ਪ੍ਰਾਸਚਿਤ ਕਰਨ ਲਈ, ਉਹ ਸ਼ਿਵਲਿੰਗ ਦੇ ਰੂਪ ਵਿੱਚ ਭਗਵਾਨ ਸ਼ਿਵ ਨੂੰ ਪ੍ਰਾਰਥਨਾ ਕਰਨਾ ਚਾਹੁੰਦਾ ਸੀ। ਇਸ ਲਈ, ਉਸਨੇ ਭਗਵਾਨ ਹਨੂੰਮਾਨ ਨੂੰ ਹਿਮਾਲਿਆ ਤੋਂ ਸਭ ਤੋਂ ਵੱਡਾ ਲਿੰਗਮ ਲੈਣ ਲਈ ਭੇਜਿਆ। ਜਿਵੇਂ ਕਿ ਭਗਵਾਨ ਹਨੂੰਮਾਨ ਨੇ ਸ਼ਿਵਲਿੰਗ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਸਮਾਂ ਲਗਾਇਆ, ਦੇਵੀ ਸੀਤਾ ਨੇ ਰੇਤ ਤੋਂ ਇੱਕ ਸ਼ਿਵਲਿੰਗ ਬਣਾਇਆ। ਹਾਈਲਾਈਟਸ ਸ਼ਿਵਲਿੰਗ ਦੇ ਅੰਦਰਲੇ ਪਾਵਨ ਅਸਥਾਨ ਵਿੱਚ ਦਾਖਲ ਹੋਣ ਤੋਂ ਪਹਿਲਾਂ, ਸਾਰੇ ਸ਼ਰਧਾਲੂਆਂ ਲਈ ਮੰਦਰ ਕੰਪਲੈਕਸ ਵਿੱਚ 22 'ਤੀਰਥਾਂ' ਜਾਂ ਪਵਿੱਤਰ ਜਲ ਸਰੋਵਰਾਂ ਵਿੱਚ ਇਸ਼ਨਾਨ ਕਰਨਾ ਲਾਜ਼ਮੀ ਹੈ। , 'ਗੰਧਾਮਧਾਨ ਪਾਰਵਥਮ ਮੰਦਰ', 'ਪੰਚਮੁਖੀ ਹਨੂੰਮਾਨ ਮੰਦਰ', 'ਰਾਮ ਸੇਤੂ', 'ਜਾਦਾ ਤੀਰਥਮ ਮੰਦਰ' ਅਤੇ 'ਕੋਠੰਦਰਮਾਸਵਾਮੀ ਮੰਦਰ'।